ਜਾ ਕਉ ਹਰਿ ਰੰਗ ਲਾਗੋ ਇਸ ਜੁਗ ਮਹਿ ਸੋ ਕਹੀਅਤ ਹੈ ਸੂਰਾ ॥

# ਸੂਰਾ

## ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੰਕ


ਐਡੀਟਰ ਦਲਜੀਤ ਸਿੰਘ

[ਜਿਲਦ ੫ ਅੰਕ ੭]

Aug 71


ਸਰਬ ਹਿੰਦ ਅਖੰਡ ਕੀਰਤਨੀ ਜਥੇ ਦਾ

ਗੁਰਮਤਿ ਮਾਸਕ ਪੱਤਰ


ਸਲਾਨਾ ਚੰਦਾ ਦੇਸ 6 ਰੁਪਏ

ਪ੍ਰਦੇਸ ਸਮੁੰਦਰੀ 12 ਰੁਪਏ

ਪ੍ਰਦੇਸ ਹਵਾਈ 20 ਰੁਪਏ

ਫਰੀ ਇੰਡੀਆ ਪ੍ਰਿੰਟਰਜ਼, ਖਿੰਗਰਾਂ ਗੇਟ, ਜਲੰਧਰ ਤੋਂ ਛਪਵਾ ਕੇ ਦਲਜੀਤ ਸਿੰਘ ਐਡੀਟਰ ਤੇ ਪਬਲਿਸ਼ਰ ਨੇ ਸਰਬ ਹਿੰਦ ਅਖੰਡ ਕੀਰਤਨੀ ਜਥੇ ਲਈ 305-L, ਮਾਡਲ ਟਾਊਨ ਜਲੰਧਰ ਤੋਂ ਪ੍ਰਕਾਸ਼ਤ ਕੀਤਾ ।



www.AKJ.Org

# ਲੇਖ ਸੂਚੀ


| ਨੰ: | ਲੇਖ | ਲੇਖਕ | ਪੰਨਾ |
|---|---|---|---|
| 1. | ਸ੍ਰੀ ਗੁਰੂ ਅਰਜਨ ਦੇਵ ਜੀ ਦੇ ਮੋਹਨ ਜੀ ਪਾਸੋਂ ਸੈਂਚੀਆਂ ਲਿਆਉਣ ਦੇ ਕੌਤਕ ਦੀ ਦਿਬ ਦ੍ਰਿਸ਼ਟੀ ਵਿਚ ਦੇਖੀ ਝਾਕੀ | ਭਾ: ਸਾ: ਭਾਈ ਰਣਧੀਰ ਸਿੰਘ ਜੀ | 4 |
| 2. | ਉਹ ਤੇ ਅਸੀਂ | ਪ੍ਰੋ: ਹਰਬੰਸ ਸਿੰਘ ਜੀ | 5 |
| 3. | ਸਬਦੈ ਕਾ ਨਿਬੇੜਾ ਸੁਣ ਤੂ ਅਉਧੂ | ਭਾਈ ਸਾਹਿਬ ਮਨਮੋਹਨ ਸਿੰਘ ਜੀ *M. Sc.* | 14 |
| 4. | ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਮਹੱਤਤਾ | ਭਾਈ ਰਣਧੀਰ ਸਿੰਘ ਜੀ | 17 |
| 5. | ਆਸਾ ਦੀ ਵਾਰ | ਗਿਆਨੀ ਹਰਬੰਸ ਸਿੰਘ ਜੀ | 20 |
| 6. | ਪਰਤਖ ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ | ਭਾਈ ਰਣਧੀਰ ਸਿੰਘ ਜੀ | 28 |
| 7. | ਭਗਤ ਬਾਣੀ | ਪ੍ਰੋ: ਗੁਰਮੁਖ ਸਿੰਘ ਜੀ *M. A.* | 45 |
| 8. | ਫੂਲਾਂ ਦੇ ਸੇਹਰੇ ਬਾਰੇ ਵਿਚਾਰ | ਭਾਈ ਸਾਹਿਬ ਮਾਲਕ ਸਿੰਘ ਜੀ *B. Sc.* | 49 |


www.AKJ.Org

# ਸਿਰੀ ਰਾਗੁ ਮਹਲਾ ੫

ਗੁਰ ਪਰਮੇਸੁਰੁ ਪੂਜੀਐ ਮਨਿ ਤਨਿ ਲਾਇ ਪਿਆਰੁ ॥
ਸਤਿਗੁਰੁ ਦਾਤਾ ਜੀਅ ਕਾ ਸਭਸੈ ਦੇਇ ਅਧਾਰੁ ॥
ਸਤਿਗੁਰ ਬਚਨ ਕਮਾਵਣੇ ਸਚਾ ਏਹੁ ਵੀਚਾਰੁ ॥
ਬਿਨੁ ਸਾਧੂ ਸੰਗਤਿ ਰਤਿਆ ਮਾਇਆ ਮੋਹੁ ਸਭੁ ਛਾਰ ॥ ੧ ॥
ਮੇਰੇ ਸਾਜਨ ਹਰਿ ਹਰਿ ਨਾਮੁ ਸਮਾਲਿ ॥
ਸਾਧੂ ਸੰਗਤਿ ਮਨਿ ਵਸੈ ਪੂਰਨ ਹੋਵੈ ਘਾਲ ॥੧ ਹਾਉ ॥
ਗੁਰ ਸਮਰਥੁ ਅਪਾਰੁ ਗੁਰੁ ਵਡਭਾਗੀ ਦਰਸਨੁ ਹੋਇ ॥
ਗੁਰੁ ਅਗੋਚਰੁ ਨਿਰਮਲਾ ਗੁਰ ਜੇਵਡੁ ਅਵਰੁ ਨ ਕੋਇ ॥
ਗੁਰ ਕਰਤਾ ਗੁਰੁ ਕਰਣਹਾਰੁ ਗੁਰਮੁਖਿ ਸਚੀ ਸੋਇ ॥
ਗੁਰ ਤੇ ਬਾਹਰਿ ਕਿਛੁ ਨਹੀਂ ਗੁਰ ਕੀਤਾ ਲੋੜੇ ਸੁ ਹੋਇ ॥ ੨ ॥
ਗੁਰੁ ਤੀਰਥੁ ਗੁਰੁ ਪਾਰਜਾਤੁ ਗੁਰੁ ਮਨਸਾ ਪੂਰਣਹਾਰੁ ॥
ਗੁਰੁ ਦਾਤਾ ਹਰਿਨਾਮੁ ਦੇਇ ਉਧਰੈ ਸਭੁ ਸੰਸਾਰੁ ॥
ਗੁਰੁ ਸਮਰਥੁ ਗੁਰੁ ਨਿਰੰਕਾਰੁ ॥
ਗੁਰੁ ਊਚਾ ਅਗਮ ਅਪਾਰੁ ॥
ਗੁਰੁ ਕੀ ਮਹਿਮਾ ਅਗਮ ਹੈ ਕਿਆ ਕਥੇ ਕਥਨਹਾਰ ॥੩॥
ਜਿਤੜੇ ਫਲ ਮਨਿ ਬਾਛੀਅਹਿ ਤਿਤੜੇ ਸਤਿਗੁਰ ਪਾਸਿ ॥
ਪੂਰਬਿ ਲਿਖੇ ਪਾਵਣੇ ਸਾਚੁ ਨਾਮੁ ਦੇ ਰਾਸਿ ॥
ਸਤਿਗੁਰ ਸਰਣੀ ਆਇਆ ਬਹੁੜ ਨਹੀ ਬਿਨਾਸੁ ॥
ਹਰਿ ਨਾਨਕ ਕਦੇ ਨ ਵਿਸਰਉ ਏਹੁ ਜੀਉ ਪਿੰਡ ਤੇਰਾ ਸਾਸੁ ॥ ੪ ॥



www.AKJ.Org

# ਸ੍ਰੀ ਗੁਰੂ ਅਰਜਨ ਦੇਵ ਜੀ ਦੇ ਮੋਹਨ ਜੀ ਪਾਸੋਂ ਸੈਂਚੀਆਂ ਲਿਆਉਣ ਦੇ ਕੌਤਕ ਦੀ ਦਿੱਬ ਦ੍ਰਿਸ਼ਟੀ ਵਿਚ ਪ੍ਰਤੱਖ ਦੇਖੀ ਝਾਕੀ

*ਵਲੋਂ : ਗੁਰਪੁਰਵਾਸੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ।*

ਜਿਹੜੇ ਚਰਨਾਂ ਨੂੰ ਦੇਖ ਕੇ ਸਿਖ ਹਰਸਨਿ, ਅੰਮ੍ਰਿਤ ਦਰਸੁ ਸੁਦਰਸ਼ੀਵਨੋਲਿਆਂ ਦਾ ।
ਜਿਹੜੇ ਚਰਨਾਂ ਦੀ ਧੂੜ ਨੂੰ ਸਿੱਖ ਬਾਂਛਨਿ, ਸਫਲ ਜਨਮ ਸੁਧਾ ਪੀਵਨੋਲਿਆਂ ਦਾ ।
ਜਿਹੜੇ ਚਰਨਾਂ ਨੂੰ ਚੁੰਮ ਕੇ, ਘੋਲ ਘੁੰਮਨ, ਖਿਲੇ ਕੌਲ ਸਿਖਾਂ ਘੁਮਘੋਲਿਆਂ ਦਾ ।
ਜਿਹੜੇ ਚਰਨ ਤਮੋਲ ਰਸ ਘੋਲਿ ਪੀਵਨ, ਬਾਲਾ ਬੋਲ ਸਿਖਾਂ ਖੀਵਲੋੜਿਆਂ ਦਾ ।

ਅੱਜ ਧੂਲ ਲਪੇਟੜੇ ਚਰਨ ਓਹੀ, ਤਲੀਏਂ ਘਾਉ ਬੰਬੂਲ ਕੰਡੋਲਿਆਂ ਦਾ ।
ਸੂਲਾਂ ਘਾਉ ਗਹਿਰੇ ਸੋਹਲ ਚਰਨ ਤਲੀਆਂ, ਸਿਖਾਂ ਸੂਲ ਸੀਨੇ ਸੂਲੜੋਲਿਆਂ ਦਾ ।
ਸੂਲੀ ਹੋਇ ਕਲੇਜੜੇ ਚੁਭਣ ਸੂਲਾਂ, ਵਿਆਕੁਲ ਹਾਲ ਹੈ ਸੂਲੀ ਚੜ੍ਹੋਲਿਆਂ ਦਾ ।
ਬਿੰਗ ਸੂਲੀਆਂ ਵਾਲੜੇ ਸੂਲ ਉੱਠਣ, ਸਿਖਾਂ ਦੁਖ ਹੈ ਸੇਲ ਚੁਭੋਲਿਆਂ ਦਾ ।

ਗੋਇੰਦਵਾਲ ਗੁਰ ਆਗਮਨ ਚਰਨ ਨੰਗੇ, ਹੈਰਤ ਮੂਲ ਹੋਇਆ ਸੰਗਤੋਲਿਆਂ ਦਾ ।
ਧਾਈਆਂ ਸੰਗਤਾਂ ਸ੍ਰੀ ਗੋਇੰਦਵਾਲ ਦੀਆਂ, ਸੁਣ ਨਵ ਚੋਜਲਾ ਗੁਰ ਆਗਮੋਲਿਆਂ ਦਾ ।
ਸਤਿਗੁਰ ਜਾਇ ਪਹੁੰਚੇ ਪ੍ਰੇਮ ਕੂੰਜ ਗਲੀਏ, ਭੇਖ ਧਾਰ ਕੇ ਭੀਖ ਮੰਗੋਲਿਆਂ ਦਾ ।
ਜਿਨ੍ਹਾਂ ਪਾਵਣੀ ਭਿਖਿਆ ਯਾਚਕਾਂ ਨੂੰ, ਤਿਨ ਖ਼ੁਦ ਵੇਸ ਕੀਤਾ ਯਾਚਕੋਲਿਆਂ ਦਾ ।

ਕੋਟ ਭਵਨ ਪਰਕਾਸੀਆ ਜਲਵ ਜੋਤੀ, ਜੋਤਿ ਚਾਨਣਾ ਸਭਿ ਚਾਨਣੋਲਿਆਂ ਦਾ ।
ਉਸ ਚੁਬਾਰੜੇ ਜੋਤਿ ਜਗਾਇ ਬੈਠਾ, ਜੋ ਦੁਆਰੜਾ ਦਾਸ ਮੋਹਨੋਲਿਆਂ ਦਾ ।
ਏਹ ਨਜਾਰੜਾ ਤਿਨਾ ਪਰਤੱਖ ਦਿਸੈ, ਫ਼ਜ਼ਲ ਫ਼ੈਜ਼ ਜਿਨ ਦਿੱਬ ਦ੍ਰਿਸਟੋਲਿਆਂ ਦਾ ।
ਬੰਕ ਦੁਆਰੜੇ ਮੋਹਨ ਚਉਬਾਰੜੇ ਨੂੰ, ਭਾਗ ਲਗਿਆ ਵੱਡ ਸੁਹਾਗੋਲਿਆਂ ਦਾ ।

ਤੇਰੇ ਊੱਚ ਮੰਦਰ ਸੁੰਦਰ ਧਰਮਸਾਲਾ, ਆਦਿ ਬਚਨ ਸ੍ਰੀ ਮੁਖ ਉਚਾਰੋਲਿਆਂ ਦਾ ।
ਮੋਹਨ ਪਿਆਰੜੇ ਸਨਮੁਖੇ ਵਾਕ ਉਚਰੇ, ਭਾਵੁ ਮੋਹਨ ਅਕਾਲ ਪੁਰਖੋਲਿਆਂ ਦਾ ।
ਅਕਾਲ ਪੁਰਖ ਦੇ ਵਿਚ ਲੀਨ ਹੋ ਕੇ, ਰੂਪ ਅਭੇਦ ਦਿਸੇ ਮੋਹਨੋਲਿਆਂ ਦਾ ।
ਮੋਹਨ ਮੋਹਨਾ ਇਕ ਹੀ ਰੂਪ ਭਾਸਨ, ਇਸ਼ਕ ਜਜ਼ਬੜਾ ਸਚ ਜ਼ਬੋਲਿਆ ਦਾ ।

ਜਗਤ ਗੁਰੂ ਦੇਖੋ ਨਗਨ ਚਰਨ ਜਾਂਦੇ, ਕਰਿ ਸਨਮਾਨ ਬਾਣੀ ਬਬਾਣੋਲਿਆਂ ਦਾ ।
ਨਾਲੇ ਜਿੰਘ ਭਰਦੇ ਨਾਲੇ ਚਉਰ ਕਰਦੇ, ਦੇਖੋ ਭਾਵ ਗੁਰ ਚਉਰ ਢਰੋਲਿਆਂ ਦਾ ।
ਦੇਖੋ ਛਤਰ ਨਿਰੰਜਨੀ ਚਉਰ ਕਰਦੇ, ਬਣ ਕੇ ਅਰਦਲੀ ਖ਼ੁਦ ਪਾਲਕੋਲਿਆਂ ਦਾ ।
ਪੈਦਲ ਪੈਂਡੜੇ ਪਾਲ ਕੇ ਸੰਗਿ ਧਾਵਨਿ, ਸ੍ਵਾਂਗ ਧਾਰਿ ਅਧਮ ਸੇਵਕੋਲਿਆਂ ਦਾ ।

ਹੋ ਕੇ ਸਰਨ ਸੇਵਕ ਚਰਨ ਪਾਲਕੇ ਦੇ, ਨਿਉਂ ਨਿਉਂ ਕਰਨ ਜੁਹਾਰ ਨਿੰਮਰੋਲਿਆਂ ਦਾ ।
ਨਮਸਕਾਰ ਪਰਨਾਮ ਡੰਡਉਤ ਕਰਦੇ, ਲੈ ਨਿਛਾਵਰਾਂ ਪਰਦੱਖਨੋਲਿਆਂ ਦਾ ।
ਕਰਿ ਪਰਦੱਖਣਾ ਫੇਰ ਕਰਿ ਚਉਰ ਫੇਰਨਿ, ਹੇਰਨਿ ਹੇਰਨਾ ਬਿਸਮ ਹੋਰੋਲਿਆਂ ਦਾ ।
ਹਿਰਤ ਗੁੰਮ ਹੋਈ ਦੇਖਿ ਗੁਰਮੁਖਾਂ ਦੀ, ਵਡ ਨੁਛਾਰੁ ਗੁਰੂ ਘੋਲ ਘੁਮੋਲਿਆਂ ਦਾ ।



www.AKJ.Org

# ਉਹ ਤੇ ਅਸੀਂ
## (ਅਕਾਲ ਪੁਰਖ ਤੇ ਜੀਵ)

*ਵਲੋਂ ਪ੍ਰੋ: ਹਰਬੰਸ ਸਿੰਘ ਜੀ*

ਅਕਾਲ ਪੁਰਖ ਰਾਜਨ ਸਿਰ ਰਾਜਾ ਹੈ, ਉਹ ਬੇਅੰਤ ਹੈ। ਉਸ ਦਾ ਕੋਈ ਅੰਤ ਨਹੀਂ ਪਾ ਸਕਦਾ। ਉਹ ਹਰ ਥਾਂ ਵਿਆਪਕ ਹੈ। ਉਹ ਸ੍ਰਿਸ਼ਟੀ ਦਾ ਸਿਰਜਨਹਾਰ ਹੈ। ਉਹ ਜੰਮਣ ਮਰਨ ਤੋਂ ਰਹਿਤ ਹੈ। ਉਹ ਦਾਤਾ ਹੈ। ਉਹ ਕੇਵਲ ਇੱਕ ਹੈ। ਉਸਦਾ ਨਾਮ "ਸਤਿ" ਹੈ। ਉਸ ਦਾ ਪ੍ਰਕਾਸ਼ ਆਪਣੇ ਆਪ ਤੋਂ ਹੋਇਆ ਹੈ। ਉਹ ਸਤਿਗੁਰੂ (ਸਚੇ ਗੁਰੂ) ਦੀ ਕਿਰਪਾ ਨਾਲ ਮਿਲਦਾ ਹੈ। ਮੂਲ ਮੰਤਰ ਵਿਚ ਅਕਾਲ ਪੁਰਖ ਨੂੰ ਇਉਂ ਵਰਣਨ ਕੀਤਾ ਗਿਆ ਹੈ :—

"ੴ ਸਤਿਨਾਮੁ ਕਰਤਾ ਪੁਰਖ ਨਿਰਭਉ ਨਿਰ-ਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ-ਪ੍ਰਸਾਦਿ ॥"

ਸ੍ਰੀ ਗੁਰੂ ਨਾਨਕ ਦੇਵ ਜੀ ਕਹਿੰਦੇ ਹਨ ਕਿ ਅਕਾਲ ਪੁਰਖ ਸਮੇਂ ਦੀ ਰਚਨਾ ਤੋਂ ਵੀ ਪਹਿਲਾਂ ਤੋਂ ਹੋਂਦ ਵਾਲਾ ਹੈ। ਉਹ ਜੁਗਾਂ ਦੇ ਮੁਢ ਤੋਂ ਮੌਜੂਦ ਹੈ। ਉਹ ਹੁਣ ਵੀ ਹੈ ਅਤੇ ਅਗਾਂਹ ਨੂੰ ਭੀ ਕਾਇਮ ਰਹੇਗਾ—

"ਆਦਿ ਸਚੁ ਜੁਗਾਦਿ ਸਚੁ ॥
ਹੈ ਭੀ ਸਚੁ ਨਾਨਕ ਹੋਸੀ ਭੀ ਸਚੁ ॥"

ਜਾਪ ਸਾਹਿਬ ਦੇ ਅੰਤ ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਅਕਾਲ ਪੁਰਖ ਨੂੰ ਇਉਂ ਬਿਆਨ ਕੀਤਾ ਹੈ:—

ਸਦਾ ਸੱਚਿਦਾਨੰਦ ਸੱਤ੍ਰੰ ਪ੍ਰਣਾਸੀ ॥
ਕਰੀਮੁਲ ਕੁਨਿੰਦਾ ਸਮਸਤੁਲ ਨਿਵਾਸੀ ॥
ਅਜਾਇਬ ਬਿਭੂਤੇ ਗਜਾਇਬ ਗਨੀਮੇ ॥
ਹਰੀਅੰ ਕਰੀਅੰ ਕਰੀਮੁਲ ਰਹੀਮੇ ॥ ੧੯੮ ॥
ਚੱਤ੍ਰ ਚਕ੍ਰ ਵਰਤੀ ਚਤ੍ਰ ਚੱਕ੍ਰ ਭੁਗਤੇ ॥
ਸੁਯੰਭਵ ਸੁਭੰ ਸਰਬਦਾ ਸਰਬ ਜੁਗਤੇ ॥
ਦੁਕਾਲੰ ਪ੍ਰਣਾਸੀ ਦਿਆਲੰ ਸਰੂਪੇ ॥
ਸਦਾ ਅੰਗ ਸੰਗੇ ਅਭੰਗੰ ਬਿਭੂਤੇ ॥ ੧੯੯ ॥

ਦਸਮ ਪਾਤਸ਼ਾਹ ਫੁਰਮਾਂਦੇ ਹਨ ਕਿ ਹੇ ਅਕਾਲ ਪੁਰਖ ! (ਵਾਹਿਗੁਰੂ) ਤੂੰ ਸਚ ਮੁਚ ਹੋਂਦ ਵਾਲਾ ਹੈਂ। ਤੂੰ ਗਿਆਨ-ਰੂਪ ਅਤੇ ਅਨੰਦ ਸਰੂਪ ਹੈਂ, ਤੂੰ ਵੈਰੀਆਂ ਨੂੰ ਨਾਸ ਕਰਨ ਵਾਲਾ ਹੈਂ। ਤੂੰ ਸਭ ਉਪਰ ਬਖਸ਼ਸ਼ਾਂ ਕਰਨ ਵਾਲਾ ਹੈਂ। ਤੂੰ ਸਭ ਨੂੰ ਪੈਦਾ ਕਰਨ ਵਾਲਾ ਹੈਂ ਅਤੇ ਸਭ ਵਿੱਚ ਨਿਵਾਸ ਰਖਣ ਵਾਲਾ ਹੈਂ। ਉਸ ਵਾਹਿਗੁਰੂ ਦਾ ਪਰਤਾਪ ਅਸਚਰਜ ਹੈ। ਉਹ ਵੈਰੀਆਂ ਉਪਰ ਗਜ਼ਬ ਢਾਉਣ ਵਾਲਾ ਹੈ। ਉਹ ਸਭ ਨੂੰ ਨਾਸ ਕਰਨ ਵਾਲਾ ਹੈ ਅਤੇ ਸਭ ਨੂੰ ਪੈਦਾ ਕਰਨ ਵਾਲਾ ਹੈ। ਉਹ ਬਖਸ਼ਸ਼ ਕਰਨ ਵਾਲਾ ਹੈ। ਉਹ ਰਹਿਮ ਕਰਨ ਵਾਲਾ ਹੈ। ਉਹ ਸਭ ਪਾਸੀਂ (ਚਾਰੇ ਚੱਕ) ਮੌਜੂਦ ਹੈ, ਅਤੇ ਹੁਕਮ ਚਲਾ ਰਿਹਾ ਹੈ, ਉਸ ਦਾ ਪ੍ਰਕਾਸ਼ ਆਪਣੇ ਆਪ ਤੋਂ ਹੋਇਆ ਹੈ, ਉਹ ਸੁੰਦਰ ਹੈ। ਉਹ ਹਰ ਵੇਲੇ ਸਭ ਜੀਵਾਂ ਵਿਚ



www.AKJ.Org

ਮਿਲਿਆ ਹੋਇਆ ਹੈ। ਉਹ ਜਨਮ ਮਰਨ ਦੇ ਦੁਖ ਨਾਸ ਕਰਨ ਵਾਲਾ ਹੈ। ਉਹ ਦਇਆ ਦਾ ਰੂਪ ਹੈ। ਉਹ ਹਰ ਵੇਲੇ ਸਭ ਦੇ ਅੰਗ ਸੰਗ ਰਹਿੰਦਾ ਹੈ। ਉਸ ਦਾ ਪ੍ਰਤਾਪ ਕਦੇ ਨਾਸ ਨਹੀਂ ਹੁੰਦਾ।

ਜਾਪ ਸਾਹਿਬ ਦੇ ਮੁਢ ਵਿੱਚ ਦਸਮ ਪਿਤਾ ਨੇ ਅਕਾਲ ਪੁਰਖ ਵਾਰੇ ਇਉਂ ਕਿਹਾ ਹੈ—

"ਅਚਲ ਮੂਰਤਿ ਅਨਭਉ ਪ੍ਰਕਾਸ ਅਮਿਤੋਜਿ ਕਹਿੱਜੈ ॥"

(ਤੇਰੀ ਹਸਤੀ ਸਦਾ ਕਾਇਮ ਰਹਿਣ ਵਾਲੀ ਹੈ। ਤੇਰਾ ਨੂਰ ਤੇਰੇ ਆਪਣੇ ਆਪ ਤੋਂ ਹੈ। ਤੂੰ ਅਣਡਿਠੇ ਬਲ ਵਾਲਾ ਕਿਹਾ ਜਾਂਦਾ ਹੈਂ)

ਕੋਟਿ ਇੰਦ੍ਰ ਇੰਦ੍ਰਾਣ ਸਾਹੁ ਸਾਹਾਣਿ ਗਣਿਜੈ ॥

(ਤੂੰ ਕਰੋੜਾਂ ਰਾਜਿਆਂ ਦਾ ਰਾਜਾ ਅਤੇ ਇੰਦਰਾਂ ਦਾ ਇੰਦਰ ਗਿਣਿਆ ਜਾਂਦਾ ਹੈਂ।)

ਤ੍ਰਿਭਵਣ ਮਹੀਪ ਸੁਰ ਨਰ ਅਸੁਰ
ਨੇਤ ਨੇਤ ਬਨ ਤ੍ਰਿਣ ਕਹਤ ॥

(ਤੂੰ ਤਿੰਨਾਂ ਭਵਨਾਂ—ਅਕਾਸ, ਪਾਤਾਲ ਅਤੇ ਮਾਤ ਲੋਕ ਦਾ ਰਾਜਾ ਹੈਂ। ਦੇਵਤੇ, ਮਨੁਖ ਅਤੇ ਦੈਂਤ ਵੀ ਅਤੇ ਸਾਰੀ ਬਨਸ਼ਪਤਾ ਵੀ ਇਹ ਕਹਿੰਦੀ ਹੈ ਕਿ ਤੂੰ ਬੇਅੰਤ ਹੈਂ, ਤੇਰੇ ਜਿਹਾ ਹੋਰ ਕੋਈ ਨਹੀਂ)

"ਤਵ ਸਰਬ ਨਾਮ ਕਥੈ ਕਵਨ ਕਰਮ
ਨਾਮ ਬਰਨਤ ਸੁਮਤ"

(ਹੇ ਵਾਹਗੁਰੂ! ਤੇਰੇ ਸਾਰੇ ਨਾਂ ਦੱਸਣ ਦੀ ਤਾਕਤ ਕਿਸੇ ਵਿਚ ਭੀ ਨਹੀਂ। ਸਿਆਣੇ ਬੰਦਿਆਂ ਨੇ ਤੇਰੇ ਉਹੀ ਨਾਂ ਦੱਸੇ ਹਨ ਜੋ ਉਨ੍ਹਾਂ ਨੇ ਤੇਰੇ ਕੰਮ ਵੇਖਕੇ ਬਣਾਏ ਹਨ।)

ਅਕਾਲ ਪੁਰਖ ਸਚਾ ਖਸਮ ਹੈ ਅਤੇ ਜੀਵ ਉਸ ਦੀ ਇਸਤ੍ਰੀ ਹੈ। ਸ਼ਹੁ ਉੱਚਾ ਹੈ। ਉਸ ਵਿਚ ਸਾਰੇ ਗੁਣ ਹਨ। ਜੀਵ ਔਗੁਣਹਾਰਾ ਹੈ, ਨਿਮਾਣਾ ਹੈ, ਨਿਤਾਣਾ ਹੈ। ਅਕਾਲ ਪੁਰਖ ਦੇ ਹੁਕਮ ਅਨੁਸਾਰ ਜੀਵ ਜੰਮਦੇ ਮਰਦੇ ਹਨ। ਸਮੇਂ ਅਨੁਸਾਰ ਉਹ ਬੱਚੇ ਤੋਂ ਜਵਾਨ ਅਤੇ ਬੁੱਢੇ ਹੁੰਦੇ ਹਨ। ਵਾਹਿਗੁਰੂ ਦੇ ਹੁਕਮਾਂ ਅੰਦਰ ਉਹ ਕਾਰ ਕਰਦੇ ਹਨ। ਉਸ ਦੀ ਰਜ਼ਾ ਅਨੁਸਾਰ ਉਹ (ਜੀਵ) ਨੀਚੋਂ ਊਚ ਅਤੇ ਊਚੋਂ ਨੀਚ ਬਣਦੇ ਹਨ, ਦੁਖ ਸੁਖ ਭੋਗਦੇ ਹਨ ਅਤੇ ਜੂਨੀਆਂ ਦ ਚੱਕਰ ਕੱਟਦੇ ਹਨ। ਜਿਥੇ ਅਕਾਲ ਪੁਰਖ ਕੇਵਲ ਇਕ ਹੈ ਉਥੇ ਜੀਵ ਅਨੇਕਾਂ ਹਨ। ਉਹ ਜਨਮ ਮਰਨ ਦੇ ਗੇੜ ਵਿਚ ਪੈਂਦੇ ਹਨ। ਉਹ ਅਨੇਕ ਭਾਂਤ ਦੇ ਹਨ। ਉਹ ਹਮੇਸ਼ਾਂ ਟਿਕਣ ਵਾਲੇ ਨਹੀਂ ਹਨ। ਉਨ੍ਹਾਂ ਦਾ ਆਉਣ ਜਾਣ ਦਾ ਚੱਕਰ ਬਣਿਆ ਹੋਇਆ ਹੈ। ਉਹ ਮੰਗਤੇ ਹਨ। ਉਹ ਭੈ ਅਤੇ ਵੈਰ ਵਾਲੇ ਹਨ। ਉਨ੍ਹਾਂ ਨੂੰ ਕਾਮ, ਕ੍ਰੋਧ ਲੋਭ, ਅਤੇ ਹੰਕਾਰ ਚੰਬੜਿਆ ਹੋਇਆ ਹੈ। ਉਹ ਅਕਾਲ ਪੁਰਖ ਦੇ ਰਹਿਮ ਤੇ ਹਨ।

ਜਦੋਂ ਜੀਵ ਨੂੰ ਕੋਈ ਪੀੜਾ ਆ ਬਣਦੀ ਹੈ ਤਾਂ ਉਸਦੀ ਆਤਮਾ ਕੁਰਲਾ ਉਠਦੀ ਹੈ। ਉਹ ਸਰਬ ਸ਼ਕਤੀਮਾਨ ਅੱਗੇ ਲੇਲ੍ਹੜੀਆਂ ਕੱਢਦਾ ਹੈ। ਤਰਲਾ ਪਾਉਂਦਾ ਹੈ ਤੇ ਕਹਿੰਦਾ ਹੈ ਕਿ ਹੇ ਵਾਹਿਗੁਰੂ! ਤੂੰ ਐਸਾ ਹੈਂ, ਹਮ ਐਸੇ ਹਾਂ। ਹਮ ਨੀਵੇਂ ਹਾਂ ਤੂੰ ਉਚੇ ਤੋਂ ਉਚਾ ਹੈਂ। ਉਸ ਸਮੇਂ ਜੀਵ ਆਪਣੀ ਹੀਣਤਾ ਨੂੰ ਅਕਾਲ ਪੁਰਖ ਦੀ ਉਚਤਾ ਨਾਲ ਮੇਲਦਾ ਹੈ ਅਤੇ ਪ੍ਰਗਟ ਕਰਦਾ ਹੈ ਕਿ ਅਸੀਂ ਉਸ (ਵਾਹਿਗੁਰੂ) ਦੇ ਮੁਕਾਬਲੇ ਤੇ ਕੀ ਹਾਂ। ਜੀਵ ਬਰਾਬਰੀ ਤਾਂ ਕਰ ਹੀ ਨਹੀਂ ਸਕਦਾ ਕਿਉਂ ਜੋ



www.AKJ.Org

ਉਹ ਊਣਾ ਹੈ, ਔਗਣਹਾਰ ਹੈ, ਖਿਨ ਖਿਨ ਭੁਲਣ ਹਾਰ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਅਨੇਕਾਂ ਸ਼ਬਦ ਹਨ ਜਿਨ੍ਹਾਂ ਵਿੱਚ ਅਕਾਲ ਪੁਰਖ ਨਾਲ ਜੀਵ ਦੀ ਸਿੱਧੀ ਤੁਲਨਾ ਕੀਤੀ ਗਈ ਹੈ। ਤੂੰ ਤੇ ਹਮ; ਤੂੰ ਤੇ ਹਉਂ; ਤੁਮ ਤੇ ਹਮ; ਤੁਮ ਤੇ ਹਉਂ; ਤੂੰ ਤੇ ਮੈਂ,ਆਦਿ ਪੜਨਾਵ ਤੁਲਨਾ ਕਰਨ ਵਿੱਚ ਆ ਵਰਤੇ ਗਏ ਮਿਲਦੇ ਹਨ। ਆਓ ਜ਼ਰਾ ਅਜਿਹੇ ਸ਼ਬਦਾਂ ਦੀ ਓਟ ਲੈ ਕੇ ਇਹ ਵਾਚੀਏ ਕਿ ਅਕਾਲ ਪੁਰਖ ਦੇ ਮੁਕਾਬਲੇ ਅਸੀਂ ਕੀ ਹਾਂ।

(ਅੱਗੇ ਦੇਖੋ ਸਫਾ ੮)

# ਬਟਾਲੇ ਵਿਖੇ ਸਾਲਾਨਾ ਸਮਾਗਮ

## *(ਗੁਰੂ ਨਾਨਕ ਦੇਵ ਜੀ ਦੇ ਵਿਆਹ ਪੁਰਬ ਦਾ)*

ਸਮੂਹ ਗੁਰੂ ਪਿਆਰੇ ਗੁਰਮੁਖ ਵੀਰਾਂ ਤੇ ਭੈਣਾਂ ਅਗੇ ਜੋਦੜੀ ਹੈ ਕਿ ਹਰ ਸਾਲ ਦੀ ਤਰ੍ਹਾਂ ਬਟਾਲੇ ਵਿਖੇ ਇਸ ਸਾਲ ਭੀ ਸਤਿਗੁਰੂ ਜੀ ਦੀ ਕਿਰਪਾ ਨਾਲ ਧੰਨ ਗੁਰੂ ਨ ਨਕ ਦੇਵ ਜੀ ਦਾ ਵਿਆਹ ਪੁਰਬ ਜ਼ਿਲਾ ਗੁਰਦਾਸਪੁਰ ਦੇ ਅਖੰਡ ਕੀਰਤਨੀ ਜਥੇ ਵਲੋਂ ਮਨਾਇਆ ਜਾ ਰਿਹਾ ਹੈ ਜਿਸ ਵਿਚ ਅੰਮ੍ਰਿਤਸਰ, ਜਲੰਧਰ, ਲੁਧਿਆਣਾ, ਤਲਵਾੜਾ ਤੇ ਪਟਿਆਲੇ ਦੇ ਅਖੰਡ ਕੀਰਤਨੀ ਜਥੇ ਪਹੁੰਚ ਰਹੇ ਹਨ। ਇਸ ਵਾਸਤੇ ਆਪ ਜੀ ਸਤਿਗੁਰੂ ਜੀ ਦੇ ਵਿਆਹ ਦੇ ਪੁਰਬ ਮਨਾਉਣ ਲਈ ਆਇ ਦੀਦਾਰ ਬਖਸ਼ੋ ਜੀ ਅਤੇ ਨਾਮ ਬਾਣੀ ਦੀਆਂ ਝੜੀਆਂ ਲਾਉ ਜੀ।

| ਤਰੀਕ | ਦਿਨ | ਟਾਇਮ | ਵਰਵਾ | ਅਸਥਾਨ |
|---|---|---|---|---|
| 6-8-71 | ਵੀਰਵ ਰ | 4—6 ਸਵੇਰੇ | ਅਖਡ ਕੀਰਤਨ ਉਪਰੰਤ ਪ੍ਰਾਰੰਭ ਸ੍ਰੀ ਅਖੰਡ ਪਾਠ | ਪੰਡਾਲ |
| | | ਸ਼ਾਮ | ਸੋਦਰ ਤੋਂ ਉਪਰੰਤ ਕੀਰਤਨ | |
| 27-8-71 | ਸ਼ੁਕਰਵਾਰ | | ਅਖੰਡ ਕੀਰਤਨ | ਗੁਰਦੁਆਰਾ ਕੰਧ ਸਾਹਿਬ ਜਾਂ ਅਚਲ ਸਾਹਿਬ |
| 28- -71 | ਸਨਿ ਰਵਾਰ | ਅੰਮ੍ਰਿਤ ਵੇਲੇ | ਭੋਗ ਸ੍ਰੀ ਅਖੰਡ ਪਾਠ | ਪੰਡਾਲ |
| ,, | ,, | 5 ਵਜੇ | ਉਪਰੰਤ ਕੀਰਤਨ ਦੁਪਿਹਰ ਤਕ | |
| ,, | ,, | 3 ਵਜੇ (ਦੁਪਹਿਰੇ) | ਅੰਮ੍ਰਿਤ ਸੰਚਾਰ ਸ਼ੁਰੂ | |
| ,, | ,, | 8 ਵਜੇ | ਅਰੰਭ ਰੈਣ ਸਬਾਈ ਕੀਰਤਨ | |
| 29-8-71 | ਐਤਵਾਰ | ਸਵੇਰੇ | ਭੋਗ ਰੈਣ ਸਬਾਈ ਕੀਰਤਨ ਤੇ ਸਮਾਪਤੀ | |

*ਵਧੇਰੇ ਪੁਛ ਗਿਛ ਲਈ–*

ਭਾਈ ਗੋਪਾਲ ਸਿੰਘ
ਭਾਈ ਧਰਮ ਪਾਲ ਸਿੰਘ
ਡੇਹਰਾ ਰੋਡ, ਬਟਾਲਾ।

*ਪ੍ਰਾਰਥਕ ਦਾਸਰੇ–*

ਅਖੰਡ ਕੀਰਤਨੀ ਜਥਾ ਬਟਾਲਾ,
(ਜ਼ਿਲਾ ਗੁਰਦਾਸਪੁਰ)



www.AKJ.Org

| ਨ: ਸ਼ਬਦ ਪੰਗਤੀ | ਤੁਮ (ਤੂੰ) ਅਕਾਲ ਪੁਰਖ | ਹਮ (ਅਸਾਂ) ਜੀਵ |
|---|---|---|
| 1. ਵਾਹੁ ਵਾਹੁ ਸਾਚੇ ਮੈਂ ਤੇਰੀ ਟੇਕ। ਹਉਂ ਪਾਪੀ ਤੂੰ ਨਿਰਮਲ ਏਕ। (ਗਉੜੀ ਮ: ੧) | ਤੂੰ ਨਿਰਮਲ ਏਕ | ਹਉਂ ਪਾਪੀ |
| 2. ਤੂੰ ਉਤਮੁ ਹਉ ਨੀਚੁ ਸੇਵਕੁ ਕਾਂਢੀਆ, ਨਾਨਕ ਨਦਰਿ ਕਰੇਹੁ ਮਿਲੈ ਸਚੁ ਵਾਢੀਆ। (ਆਸਾ ਮ: ੧) | ਤੂੰ ਉਤਮੁ | ਹਉਂ ਨੀਚੁ |
| 3. ਹਉ ਪਾਪੀ ਪਤਿਤੁ ਪਰਮ ਪਾਖੰਡੀ ਤੂੰ ਨਿਰਮਲੁ ਨਿਰੰਕਾਰੀ। | ਤੂੰ ਨਿਰਮਲੁ ਨਿਰੰਕਾਰੀ | ਹਉ ਪਾਪੀ, ਪਤਿਤੁ ਪਰਮ ਪਾਖੰਡੀ |
| ... ... ... ... ... ... ... | ... ... ... ... | ... ... ... |
| ਤੂੰ ਪੂਰਾ ਹਮ ਊਰੇ ਹੋਛੇ ਤੂੰ ਗਉਰਾ ਹਮ ਹਉਰੇ। (ਸੋਰਠਿ ਮ: ੧) | ਤੂੰ ਪੂਰਾ<br>ਤੂੰ ਗਉਰਾ | ਹਮ ਊਰੇ ਹੋਛੇ<br>ਹਮ ਹਉਰੇ |
| 4. ਹਮ ਭੀਖਕ ਭੇਖਾਰੀ ਤੇਰੇ ਤੂੰ ਨਿਜਪਤਿ ਹੈ ਦਾਤਾ, ਹੋਹੁ ਦੈਆਲ ਨਾਮੁ ਦੇਹੁ ਮੰਗਤ ਜਨ ਕੰਉ ਸਦਾ ਰਹਉ ਰੰਗਿ ਰਾਤਾ। (ਧਨਾਸਰੀ ਮ: ੩) | ਤੂੰ ਨਿਜਪਤਿ ਹੈ ਦਾਤਾ | ਹਮ ਭੀਖਕ ਭੇਖਾਰੀ ਤੇਰੇ (ਮੰਗਤ ਜਨ) |
| 5. ਤੂੰ ਪਿਰ ਗੁਣਵੰਤਾ ਹਉ ਅਉਗਣਿਆਰਾ ਮੈ ਨਿਰਗੁਣ ਬਖਸਿ ਨਾਨਕ ਵੇਚਾਰਾ। (ਵਡਹੰਸ ਮ: ੪) | ਤੂੰ ਪਿਰ ਗੁਣਵੰਤਾ | ਹਉ ਅਉਗੁਣਿਆਰਾ। ਮੈ ਨਿਰਗੁਣ |
| 6. ਤੁਮ ਪਵਿਤ੍ਰ ਪਾਵਨ ਪੁਰਖ ਪ੍ਰਭ ਸੁਆਮੀ ਹਮ ਕਰਮਹੀਣ ਕੂੜਿਆਰੀ ॥੧॥ (ਦੇਵ ਗੰਧਾਰੀ ਮ: ੪) | ਤੁਮ ਪਵਿਤ੍ਰ ਪਾਵਨ ਪੁਰਖ ਪ੍ਰਭ ਸੁਆਮੀ | ਹਮ ਕਰਮਹੀਣ ਕੂੜਿਆਰੀ |
| 7. ਹਮ ਮੈਲੇ ਤੁਮ ਊਜਲ ਕਰਤੇ ਹਮ ਨਿਰਗੁਨ ਤੂੰ ਦਾਤਾ, ਹਮ ਮੂਰਖ ਤੁਮ ਚਤੁਰ ਸਿਆਣੇ ਤੂੰ ਸਰਬ ਕਲਾ ਕਾ ਗਿਆਤਾ। ਮਾਧੋ ਹਮ ਐਸੇ ਤੂੰ ਐਸਾ। ਹਮ ਪਾਪੀ ਤੁਮ ਪਾਪ ਖੰਡਨ ਨੀਕੋ ਠਾਕੁਰ ਦੇਸ ॥ਰਹਾਉ॥ | ਤੁਮ ਊਜਲ ਕਰਤੇ ਤੂੰ ਦਾਤਾ<br>ਤੁਮ ਚਤੁਰ ਸਿਆਣੇ ਤੂੰ ਸਰਬ ਕਲਾ ਕਾ ਗਿਆਤਾ<br>ਮਾਧੋ......ਤੂੰ ਐਸਾ<br>ਤੁਮ ਪਾਪ ਖੰਡਨ | ਹਮ ਮੈਲੇ<br>ਹਮ ਨਿਰਗੁਨ<br>ਹਮ ਮੂਰਖ<br>ਹਮ ਐਸੇ<br>ਹਮ ਪਾਪੀ |
| ਤੁਮ ਸਭ ਸਾਜੇ ਸਾਜਿ ਨਿਵਾਜੇ ਜੀਉ ਪਿੰਡ ਦੇ ਪ੍ਰਾਨਾ। | ਤੁਮ ਸਭ ਸਾਜੇ ਸਾਜਿ ਨਿਵਾਜੇ, ਜੀਉ ਪਿੰਡ ਦੇ ਪ੍ਰਾਨਾ | |



www.AKJ.Org

| ਨੰ: ਸ਼ਬਦ ਪੰਗਤੀ | ਤੁਮ (ਤੂੰ ਅਕਾਲ ਪੁਰਖ) | ਹਮ (ਅਸੀਂ ਜੀਵ) |
|---|---|---|
| ਨਿਰਗੁਨੀਆਰੇ ਗੁਨ ਨਹੀ ਕੋਈ ਤੁਮ ਦਾਨੁ ਦੇਹੁ ਮਿਹਰਵਾਨਾ ॥੨॥ | ਤੁਮ ਦਾਨੁ ਦੇਹੁ ਮਿਹਰ-ਵਾਨਾ | ਨਿਰਗੁਨੀਆਰੇ ਗੁਨ ਨਹੀ ਕੋਈ |
| ਤੁਮ ਕਰਹੁ ਭਲਾ ਹਮ ਭਲੋ ਨ ਜਾਨਹ ਤੁਮ ਸਦਾ ਸਦਾ ਦਇਆਲਾ । | ਤੁਮ ਕਰਹੁ ਭਲਾ, ਤੁਮ ਸਦਾ ਸਦਾ ਦਇਆਲਾ, | ਹਮ ਭਲੋ ਨ ਜਾਨਹ |
| ਤੁਮ ਸੁਖਦਾਈ ਪੁਰਖ ਬਿਧਾਤੇ ਤੁਮ ਰਾਖਹੁ ਅਪੁਨੇ ਬਾਲਾ ॥੩॥ (ਸੋਰਠਿ ਮ: ੫) | ਤੁਮ ਸੁਖਦਾਈ ਪੁਰਖ ਬਿ-ਧਾਤੇ, ਤੁਮ ਰਾਖਹੁ ਅਪੁਨੇ ਬਾਲਾ | |
| 8. ਹਮਰੋ ਸਹਾਉ ਸਦਾ ਸਦ ਭੂਲਨ ਤੁਮਰੋ ਬਿਰਦੁ ਪਤਿਤ ਉਧਰਨ । (ਬਿਲਾਵਲ ਮ: ੫) | ਤੁਮਰੋ ਬਿਰਦੁ ਪਤਿਤ ਉਧਰਨ | ਹਮਰੋ ਸਹਾਉ ਸਦਾ ਸਦ ਭੂਲਨ |
| ੯. ਤੂ ਸਾਗਰੁ ਹਮ ਹੰਸ ਤੁਮਾਰੇ ਤੁਮ ਮਹਿ ਮਾਣਿਕ ਲਾਲਾ । | ਤੂ ਸਾਗਰ......ਤੁਮ ਮਹਿ ਮਾਣਿਕ ਲਾਲਾ | ਹਮ ਹੰਸ ਤੁਮਾਰੇ |
| ਤੁਮ ਦੇਵਹੁ ਤਿਲੁ ਸੰਕ ਨ ਮਾਨਹੁ ਹਮ ਭੁੰਚਹ ਸਦਾ ਨਿਹਾਲਾ ॥੨॥ | ਤੁਮ ਦੇਵਹੁ, ਤਿਲੁ ਸੰਕ ਨ ਮਾਨਹੁ | ਹਮ ਭੁੰਚਹ ਸਦਾ ਨਿਹਾਲਾ |
| ਹਮ ਬਾਰਿਕ ਤੁਮ ਪਿਤਾ ਹਮਾਰੇ ਤੁਮ ਮੁਖਿ ਦੇਵਹੁ ਖੀਰਾ । | ਤੁਮ ਪਿਤਾ ਹਮਾਰੇ, ਤੁਮ ਮੁਖਿ ਦੇਵਹੁ ਖੀਰਾ | ਹਮ ਬਾਰਿਕ |
| ਹਮ ਖੇਲਹ ਸਭਿ ਲਾਡ ਲਡਾਵਹ ਤੁਮ ਸਦ ਗੁਣੀ ਗਹੀਰਾ ॥੩॥ | ਤੁਮ ਸਦ ਗੁਣੀ ਗਹੀਰਾ | ਹਮ ਖੇਲਹ ਸਭਿ ਲਾਡ ਲਡਾਵਹ |
| ਤੁਮ ਪੂਰਨ ਪੂਰਿ ਰਹੇ ਸੰਪੂਰਨ ਹਮ ਭੀ ਸੰਗ ਅਘਾਏ । | ਤੁਮ ਪੂਰਨ ਪੂਰਿ ਰਹੇ ਸੰਪੂਰਨ | ਹਮ ਭੀ ਸੰਗ ਅਘਾਏ |
| ਮਿਲਤ ਮਿਲਤ ਮਿਲਤ ਮਿਲ ਰਹਿਆ ਨਾਨਕ ਕਹਣੁ ਨ ਜਾਏ । (ਰਾਮਕਲੀ ਮ: ੫) | | ਮਿਲਤ ਮਿਲਤ ਮਿਲਤ ਮਿਲ ਰਹਿਆ (ਨਾਨਕ ਕਹਣੁ ਨ ਜਾਏ) |
| 10 ਹਮ ਭੂਲਹ ਤੁਮ ਸਦਾ ਅਭੂਲਾ ਹਮ ਪਤਿਤ ਤੁਮ ਪਤਿਤ ਉਧਰੀਆ । | ਤੁਮ ਸਦਾ ਅਭੂਲਾ<br>ਤੁਮ ਪਤਿਤ ਉਧਰੀਆ | ਹਮ ਭੂਲਹ<br>ਹਮ ਪਤਿਤ |
| ਹਮ ਨੀਚ ਬਿਰਖ ਤੁਮ ਮੈਲਾਗਰ ਲਾਜ ਸੰਗਿ ਸੰਗਿ ਬਿਸਰੀਆ । | ਤੁਮ ਮੈਲਾਗਰ(ਚੰਦਨ) | ਹਮ ਨੀਚ ਬਿਰਖ |
| ਤੁਮ ਗੰਭੀਰ ਧੀਰ ਉਪਕਾਰੀ ਹਮ ਕਿਆ ਬਪੁਰੇ ਜੰਤਰੀਆ ॥ (ਸਾਰੰਗ ਮ: ੫) | ਤੁਮ ਗੰਭੀਰ ਧੀਰ ਉਪਕਾਰੀ | ਹਮ ਕਿਆ ਬਪੁਰੇ ਜੰਤਰੀਆ |
| 11. ਕਹੁ ਕਬੀਰ ਮੇਰੇ ਮਾਧਵਾ, ਤੂੰ ਸਰਬ ਬਿਆਪੀ । | ਤੂੰ ਸਰਬ ਬਿਆਪੀ | |



www.AKJ.Org

| ਨੰ: ਸ਼ਬਦ ਪੰਗਤੀ | ਤੁਮ, ਤੂੰ (ਅਕਾਲ ਪੁਰਖ) | ਹਮ (ਅਸੀਂ ਜੀਵ) |
|---|---|---|
| ਤੁਮ ਸਮਸਰਿ ਨਾਹੀ ਦਇਆਲੁ, ਮੋਹਿ ਸਮਸਰਿ ਪਾਪੀ । (ਬਿਲਾਵਲ ਕਬੀਰ) | ਤੁਮ ਸਮਸਰਿ ਨਾਹੀ ਦਇਆਲੁ | ਮੋਹਿ ਸਮਸਰਿ ਪਾਪੀ |
| 12. ਤੁਮ ਚੰਦਨ ਹਮ ਇਰੰਡ ਬਾਪੁਰੇ ਸੰਗਿ ਤੁਮਾਰੇ ਬਾਸਾ, ਨੀਚ ਰੂਖ ਤੇ ਊਚ ਭਏ ਹੈ ਗੰਧ ਸੁਗੰਧ ਨਿਵਾਸਾ । | ਤੁਮ ਚੰਦਨ | ਹਮ ਇਰੰਡ ਬਾਪੁਰੇ (ਬਿਚਾਰੇ) |
| ਮਾਧਉ ਸਤਸੰਗਤਿ ਸਰਨਿ ਤੁਮਾਰੀ ਹਉ ਅਉਗਨ ਤੁਮ ਉਪਕਾਰੀ । | ਤੁਮ ਉਪਕਾਰੀ | ਹਉ ਅਉਗਨ |
| ਤੁਮ ਮਖਤੂਲ ਸਪਦ ਸਪੀਅਲ ਹਮ ਬਪੁਰ ਜਸ ਕੀਰਾ ਸਤਸੰਗਤਿ ਮਿਲਿ ਰਹੀਐ ਮਾਧਉ ਜੈਸੇ ਮਧੁ ਮਖੀਰਾ ॥ ੨ ॥ (ਆਸਾ ਰਵਿਦਾਸ) | ਤੁਮ ਮਖਤੂਲ ਸਪੇਦ ਸਪੀ-ਅਲ (ਤੁਸੀ ਚਿੱਟੇ ਅਤੇ ਪੀਲੇ ਰੰਗ ਦੇ ਸੁੰਦਰ ਰੇਸ਼ਮ ਹੋ) | ਹਮ ਬਪੁਰੇ ਜਸ ਕੀਰਾ (ਅਸੀਂ ਵਿਚਾਰੇ ਕੀੜੇ ਵਾਂਗ ਹਾਂ ) |

ਇਨ੍ਹਾਂ ਉਪਰਲੇ ਸ਼ਬਦਾਂ ਦੇ ਆਧਾਰ ਤੇ ਤੁਮ ਅਤੇ ਹਮ ਦੀ ਤੁਲਨਾ ਇਉਂ ਕੀਤੀ ਜਾ ਸਕਦੀ ਹੈ :—

| ਤੁਮ, ਤੂੰ (ਅਕਾਲ ਪੁਰਖ) | ਹਮ, ਅਸੀਂ (ਜੀਵ) |
|---|---|
| 1. ਤੂੰ ਉਤਮ ਹੈਂ । | 1. ਹਮ ਨੀਚ ਹਾਂ । |
| 2. ਤੂੰ ਨਿਰਮਲ ਹੈਂ, ਨਿਰੰਕਾਰੀ ਹੈਂ, ਏਕ ਹੈਂ, ਪਾਪ ਖੰਡਨਹਾਰਾ ਹੈਂ । | 2. ਹਮ ਪਾਪੀ ਹਾਂ, ਪਤਿਤ ਹਾਂ, ਪਰਮ ਪਾਖੰਡੀ ਹਾਂ । |
| 3. ਤੂੰ ਪੂਰਾ ਹੈਂ, ਤੂੰ ਗਉਰਾ (ਗੰਭੀਰ) ਹੈਂ । | 3. ਹਮ ਊਰੇ (ਊਣੇ) ਹਾਂ, ਹੋਛੇ ਹਾਂ, ਹਉਰੇ (ਹੌਲੇ) ਹਾਂ । |
| 4. ਤੂੰ ਨਿਜਪਤਿ (ਆਪਣੇ ਆਪ ਦਾ ਮਾਲਕ) ਦਾਤਾ ਹੈਂ । | 4. ਹਮ ਭੀਖਕ ਭੇਖਾਰੀ (ਭਿਖਿਆ ਮੰਗਣ ਵਾਲੇ ਮੰਗਤੇ) ਹਾਂ ਤੇਰੇ । |
| 5. ਤੂੰ ਗੁਣਾ ਵਾਲਾ ਹੈਂ, ਚਤੁਰ ਹੈਂ, ਸਿਆਣਾ ਹੈਂ, ਸਾਰੀਆਂ ਗੱਲਾਂ ਦਾ ਜਾਣਨਹਾਰ ਹੈਂ ਸਭ ਦਾ ਸਿਰਜਣਹਾਰ ਹੈਂ । | 5. ਹਮ ਨਿਰਗੁਣ ਹਾਂ, ਸਾਡੇ ਵਿਚ ਕੋਈ ਗੁਣ ਨਹੀਂ, ਮੂਰਖ ਹਾਂ । |
| 6. ਤੂੰ ਪਵਿੱਤਰ ਕਰਤਾ ਹੈਂ, ਪਵਿਤਰ ਪਾਵਨ ਪੁਰਖ ਹੈਂ, ਪ੍ਰਭੂ ਹੈਂ, ਸੁਆਮੀ (ਮਾਲਕ) ਹੈਂ । | 6. ਹਮ ਮੈਲੇ ਹਾਂ, ਕਰਮਹੀਣ ਹਾਂ, ਕੂੜਿਆਰੇ ਹਾਂ । |



www.AKJ.Org

7. ਤੂੰ ਸਦਾ ਅਭੁੱਲ ਹੈਂ ।
8. ਤੂੰ ਪਤਿਤ-ਉਧਾਰੀ ਹੈਂ ।
9. ਤੂੰ ਸਰਬ ਵਿਆਪੀ ਹੈਂ, ਗੰਭੀਰ ਹੈਂ, ਧੀਰਜਵਾਨ ਪਰਉਪਕਾਰੀ ਹੈਂ । ਮਿਹਰਬਾਨ ਹੈਂ, ਸਭ ਨੂੰ ਦਾਨ ਦਿੰਦਾ ਹੈਂ।
10. ਤੂੰ ਚੰਦਨ ਹੈਂ ।
11. ਤੂੰ ਚਿੱਟੇ ਅਤੇ ਪੀਲੇ ਰੰਗ ਦਾ ਸੁੰਦਰ ਰੇਸ਼ਮ ਹੈਂ ।
12. ਤੇਰੇ ਜਿਹਾ ਕੋਈ ਦਿਆਲੂ ਨਹੀਂ ।
13. ਤੂੰ ਸਭ ਨੂੰ ਪੈਦਾ ਕਰਦਾ ਹੈਂ, ਸੁਖਦਾਈ ਪੁਰਖ ਬਿਧਾਤਾ ਹੈਂ, ਆਪਣੇ ਬਚਿਆਂ (ਜੀਵਾਂ) ਦੀ ਸੰਭਾਲ ਕਰਦਾ ਹੈਂ, ਤੂੰ ਭਲਾ ਕਰਦਾ ਹੈਂ ।
14. ਤੇਰਾ ਬਿਰਦ ਪਤਿਤ ਦਾ ਉਧਾਰ ਕਰਨਾ ਹੈ ।
15. ਤੂੰ ਹਮੇਸ਼ਾਂ ਦਿੰਦਾ ਹੈਂ, ਰਤੀ ਵੀ ਸੰਕੁਚਦਾ ਨਹੀਂ ।
16. ਤੂੰ ਸਾਗਰ (ਸਮੁੰਦਰ) ਹੈਂ, ਤੇਰੇ ਵਿਚ ਹੀਰੇ ਮੋਤੀ ਹਨ ।
17. ਤੂੰ ਸਾਡਾ ਪਿਤਾ ਹੈਂ, ਸਾਡੇ ਮੂੰਹ ਵਿਚ ਖੀਰ ਪਾਉਂਦਾ ਹੈਂ ।
18. ਤੂੰ ਪੂਰਨ ਹੈਂ । ਸਭਨਾਂ ਦੀਆਂ ਊਣਤਾਈਆਂ ਪੂਰੀਆਂ ਕਰਦਾ ਹੈਂ ।

7. ਹਮ ਭੂਲਣਹਾਰ ਹਾਂ ।
8. ਹਮ ਪਤਿਤ ਹਾਂ ।
9. ਤੇਰੇ ਮੁਕਾਬਲੇ ਅਸੀਂ ਜੰਤ ਕੀ ਹਾਂ ? ਹਮ ਅਉਗਣਹਾਰੇ ਹਾਂ ।
10. ਹਮ ਨੀਚ ਬਿਰਖ ਹਾਂ, ਇਰੰਡ ਹਾਂ । ਤੇਰੀ ਸੰਗਤ ਕਾਰਨ ਨੀਚ ਰੁਖ ਤੋਂ (ਸੁਗੰਧੀ ਕਾਰਨ) ਊਚੇ ਹੋ ਗਏ ਹਾਂ ।
11. ਅਸੀਂ ਨਿਮਾਣੇ ਕੀੜੇ ਵਾਂਗ ਹਾਂ ।
12. ਮੇਰੇ ਜਿਹਾ ਕੋਈ ਪਾਪੀ ਨਹੀਂ ।
13. ਅਸੀਂ ਤੇਰੀ ਭਲਾਈ ਨਹੀਂ ਜਾਣਦੇ ।
14. ਸਾਡਾ ਸੁਭਾਉ ਸਦਾ ਸਦਾ ਭੁੱਲਾਂ ਕਰਨਾ ਹੈ ।
15. ਅਸੀਂ ਤੇਰੀਆਂ ਦਾਤਾਂ ਨੂੰ ਭੁੰਚਕੇ ਸਦਾ ਨਿਹਾਲ ਹੁੰਦੇ ਹਾਂ ।
16. ਅਸੀਂ ਤੇਰੇ ਹੰਸ ਹਾਂ ।
17. ਅਸੀਂ ਤੇਰੇ ਬੱਚੇ ਹਾਂ, ਅਸੀਂ ਖੇਲਦੇ ਹਾਂ, ਤੈਨੂੰ ਲਾਡ ਲਡਾਉਂਦੇ ਹਾਂ ।
18. ਅਸੀਂ ਭੀ ਤੇਰੇ ਨਾਲ ਅਨੰਦ ਮਾਣ ਰਹੇ ਹਾਂ । ਤੇਰੇ ਨਾਲ ਰਹਿੰਦੇ ਰਹਿੰਦੇ ਤੇਰੇ ਨਾਲ ਹੀ ਮਿਲ ਗਏ ਹਾਂ । ਇਸਨੂੰ ਬਿਆਨਿਆ ਨਹੀਂ ਜਾ ਸਕਦਾ ।


www.AKJ.Org

ਅਕਾਲ ਪੁਰਖ ਦੀ ਮਿਹਰ ਦਾ ਸਦਕਾ ਜੀਵ ਨੂੰ ਗੁਰ-ਸੰਗਤ ਵਿਚ ਜਾਣ ਦਾ ਸੁਭਾਗ ਪ੍ਰਾਪਤ ਹੋਇਆ। ਉਸ ਦੀ ਕਿਰਪਾ ਦਾ ਸਦਕਾ ਗੁਰ-ਦੁਆਰਿਉਂ ਗੁਰਦੀਖਿਆ (ਪਾਹੁਲ) ਮਿਲੀ। ਅੰਞਣ ਧੋਤਾ ਗਿਆ। ਅੰਮ੍ਰਿਤ ਛਿੜਕਿਆ ਗਿਆ। ਅੰਮ੍ਰਿਤ ਨਾਮ ਦਾ ਬੀਜ ਬੀਜਿਆ ਗਿਆ। ਲੱਗਾ ਨਾਮ ਬਾਣੀ ਦਾ ਪਾਹ ਚੜ੍ਹਨ। ਅੰਮ੍ਰਿਤ ਬ੍ਰਿਛ ਵਧਣ ਫੁੱਲਣ ਲੱਗਾ। ਸਚੇ ਸ਼ਹੁ ਨਾਲ ਪ੍ਰੇਮ ਦੀਆਂ ਪੀਂਘਾਂ ਉਚੀਉਂ ਉਚੀ ਚੜ੍ਹਨ ਲੱਗੀਆਂ। ਮਾਇਆ ਦ ਸੁਆਦ ਫਿਕੇ ਲੱਗਣ ਲਗ ਪਏ। ਉਹ ਰਸ (ਮਾਇਆ ਰਸ) ਵਿਸਰਨ ਲੱਗਾ ਅ ਇਹ ਰਸ (ਨਾਮ ਰਸ) ਆਵਣ ਲੱਗਾ। ਅਸਲੀ ਅਨੰਦ ਦਾ ਗੁਰੂ ਤੋਂ ਪਤਾ ਲਗ ਗਿਆ—"ਆਨੰਦ ਗੁਰੂ ਤੇ ਜਾਣਿਆ।" ਪਪੀਹੇ ਵਤ ਤੂੰ ਤੂੰ ਦੀ ਲਿਲ੍ਹ ਲਗ ਗਈ। ਤੂੰ ਤੂੰ ਕਰਨ ਦੀ ਘੜੀ ਅੰਮ੍ਰਿਤ ਵੇਲੇ ਵਾਹਵਾ ਆ ਬਣਦੀ। ਸਾਧ ਸੰਗਤ ਦੀ ਧੂੜ ਪਰਸਨ ਅਤੇ ਸੇਵਾ ਕਰਨ ਦਾ ਚਾਉ ਅੰਗੜਾਈਆਂ ਲੈਂਦਾ। ਗੁਰੂ ਦੀ ਸੰਗਤ ਵਿੱਚ ਹਰਿ ਜਸ ਵਿੱਚ ਲੀਨ ਹੋ ਜਾਂਦਾ। ਸੁਰਤੀ ਗੁਰ-ਮੂਰਤ ਗੁਰ-ਸ਼ਬਦ ਵਿੱਚ ਵਾਹਵਾ ਟਿਕਦੀ। ਗੁਰੂ ਨੇ ਸੱਚੀ ਕਾਰੇ ਲਾ ਦਿੱਤਾ। ਹੱਥ ਕਾਰ ਵਲ ਰਹਿੰਦਾ ਅਤੇ ਦਿਲ ਯਾਰ ਵਲ। ਅਨਦਿਨ ਪ੍ਰਿਉ ਪ੍ਰਿਉ ਕਰਦੇ ਦੀ ਪ੍ਰੀਤਮ ਨਾਲ ਗਲਵਕੜੀ ਪੈ ਗਈ। ਆਪਾ ਪਰਕਾ ਮਿਟ ਗਿਆ। ਹਰ ਪਾਸੇ ਤੂੰ ਹੀ ਅਨੁਭਵ ਹੋਣ ਲੱਗ ਪਿਆ। ਬਾਰਾਂ ਤੇਰਾਂ ਦੀਆਂ ਗਿਣਤੀਆਂ ਵਿਸਰ ਗਈਆਂ। ਤੇਰਾ ਤੇਰਾ ਹੀ ਹੋਣ ਲਗ ਪਿਆ। ਤੂੰ ਤੂੰ ਦਾ ਅਲਾਪ ਛਿੜ ਪਿਆ।

" ਬੀਰ ਤੂੰ ਤੂੰ ਕਰਤਾ ਤੂ ਹੂਆ,
ਮੁਝ ਮਹਿ ਰਹਾ ਨ ਹੂੰ।
ਜਬ ਆਪਾ ਪਰ ਕਾ ਮਿਟਿ ਗਇਆ,
ਜਤ ਦੇਖਉ ਤਤ ਤੂ।"

ਪਰਮ ਪੁਰਖ ਦੇ ਦਾਸ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵਜਦ ਵਿੱਚ ਆ ਕੇ ਇਹ ਕਹਿੰਦੇ ਹੋਏ ਕਿ—

"ਜਲਸ ਤੁਹੀਂ। ਥਲਸ ਤੁਹੀਂ॥
ਨਦਿਸ ਤੁਹੀਂ। ਨਦਸ ਤੁਹੀਂ॥
ਬ੍ਰਿਛਸ ਤੁਹੀਂ। ਪਤਸ ਤੁਹੀਂ॥
ਛਿਤਸ ਤੁਹੀਂ। ਉਰਧਸ ਤੁਹੀਂ॥
ਭਜਸ ਤੁਅੰ। ਭਜਸ ਤੁਅੰ॥
ਰਟਸ ਤੁਅੰ। ਠਟਸ ਤੁਅੰ॥
ਜਿਮੀ ਤੁਹੀਂ। ਜਮਾ ਤੁਹੀਂ॥
ਮਕੀ ਤੁਹੀਂ। ਮਕਾ ਤੁਹੀਂ॥
ਅਭੂ ਤੁਹੀਂ। ਅਭੈ ਤੁਹੀਂ॥
ਅਛੂ ਤੁਹੀਂ। ਅਛੈ ਤੁਹੀਂ॥
ਜਤਸ ਤੁਹੀਂ। ਬ੍ਰਤਸ ਤੁਹੀਂ॥
ਗਤਸ ਤੁਹੀਂ। ਮਤਸ ਤੁਹੀਂ॥

"ਤੁਹੀਂ" ਵਿਚ ਐਸੇ ਲੀਨ ਹੋਏ ਕਿ ਸੁੱਧ ਭੁਲ ਗਏ। ਤੁਹੀਂ ਤੁਹੀਂ ਉਚਾਰਦੇ ਗਏ। ਉਚਾਰਦੇ ਗਏ...। ਸੁਰਤ ਪ੍ਰਭੂ ਦੇ ਚਰਨਾਂ ਵਿਚ ਖੁੱਭ ਗਈ। ਦੋ ਤੋਂ ਇਕ ਰੂਪ ਹੋ ਗਏ। ਪਰਮ ਅਨੰਦ ਵਿਚ ਲੀਨ ਹੋ ਗਏ। ਹਮ ਤੇ ਤੁਮ ਮਿਲਕੇ ਇੱਕ ਹੋ ਗਏ।

"ਤੂੰ ਸਾਗਰੁ ਹਮ ਹੰਸ ਤੁਮਾਰੇ,
ਤੁਮ ਮਹਿ ਮਾਣਿਕ ਲਾਲਾ।
ਤੁਮ ਦੇਵਹੁ ਤਿਲੁ ਸੰਕ ਨ ਮਾਨਹੁ,
ਹਮ ਭੁੰਚਹ ਸਦਾ ਨਿਹਾਲਾ॥ ੨॥
ਹਮ ਬਾਰਿਕ ਤੁਮ ਪਿਤਾ ਹਮਾਰੇ
ਤੁਮ ਮੁਖਿ ਦੇਵਹੁ ਖੀਰਾ।
ਹਮ ਖੇਲਹ ਸਭ ਲਾਡ ਲਡਾਵਹ
ਤੁਮ ਸਦ ਗੁਣੀ ਗਹੀਰਾ॥ ੩॥
ਤੁਮ ਪੂਰਨ ਪੂਰਿ ਰਹੇ ਸੰਪੂਰਨ



www.AKJ.Org

ਹਮ ਭੀ ਸੰਗ ਅਘਾਏ ।
ਮਿਲਤ ਮਿਲਤ ਮਿਲਤ ਮਿਲ ਰਹਿਆ
ਨਾਨਕ ਕਹਣੁ ਨ ਜਾਏ ।"
(ਰਾਮਕਲੀ ਮ: ੫)
"ਮਿਲਤ ਮਿਲਤ ਮਿਲਤ ਮਿਲ ਰਹਿਆ"
ਹਾਂ ਜੀ ਮਿਲਤ ਮਿਲਤ ਮਿਲਤ ਮਿਲ ਰਹਿਆ ।
ਮਿਲਤ ਮਿਲ ਰਹਿਆ । ਮਿਲ ਰਹਿਆ......... ।
ਤੂੰ ਤੂੰ ਕਰਤਾ ਤੂੰ ਭਇਆ । ਦ੍ਵੈ ਤੇ ਏਕ ਰੂਪ
ਹ੍ਵੈ ਗਜੋ। ਹਮ ਤੁਮ ਮਿਲਕੇ ਏਕ ਭਏ ।
ਹਮ+ਤੁਮ=ਤੂੰ......ਤੂੰ......ਤੂੰ........
ਤੁਹੀਂ......ਤੁਹੀਂ......ਤੁਹੀਂ......ਤੁਹੀਂ......
ਸੂਰਜ ਕਿਰਣਿ ਮਿਲੇ,
ਜਲ ਕਾ ਜਲੁ ਹੂਆ ਰਾਮ ।
ਜੋਤੀ ਜੋਤਿ ਰਲੀ,
ਸੰਪੂਰਨ ਥੀਆ ਰਾਮ ।
(ਬਿਲਾਵਲ ਮ: ੫)

................

---

## *ਅੰਬਾਲਾ ਛਾਉਣੀ ਦਾ ਸਾਲਾਨਾ ਕੀਰਤਨ ਸਮਾਗਮ*

### ੧੧ ਤੋਂ ੧੫ ਅਗਸਤ ਤਕ

ਅੰਬਾਲਾ ਛਾਉਣੀ ਦੇ ਨਿਰਬਾਣ ਕੀਰਤਨੀ ਜਥੇ ਨੇ ਆਪਣਾ ਸਲਾਨਾਂ ਸਮਾਗਮ ਹੇਠ ਲਿਖੇ ਪ੍ਰੋਗਰਾਮ ਅਨੁਸਾਰ ਮਨਾਉਣਾ ਨੀਯਤ ਕੀਤਾ ਹੈ । ਸਰਬਤ ਸੰਗਤਾਂ ਅਗੇ ਬੇਨਤੀ ਹੈ ਕਿ ਆਇ ਦਰਸ਼ਨ ਬਖਸ਼ਨ ।

| ਤਰੀਕ | ਦਿਨ | ਪ੍ਰੋਗਰਾਮ |
|---|---|---|
| 11-8-71 | ਬੁਧਵਾਰ | ਅਰੰਭ ਸ੍ਰੀ ਅਖੰਡ ਪਾਠ |
| 13-8-71 | ਸ਼ੁਕਰਵਾਰ | ਭੋਗ ਸ੍ਰੀ ਅਖੰਡ ਪਾਠ। ਉਪਰੰਤ ਕੀਰਤਨ ਤੇ ਆਸਾ ਦੀ ਵਾਰ 1 ਵਜੇ ਦੁਪਹਿਰ ਤਕ । |
| 13-8-71 | ,, (ਸ਼ਾਮ) | ਪਾਠ ਸੋਦਰ ਸਾਹਿਬ ਤੇ ਕੀਰਤਨ 7 ਤੋਂ 10 ਤਕ |
| 14-8-71 | ਸਨਿਚਰਵਾਰ | ਕੀਰਤਨ ਸਵੇਰੇ 5 ਵਜੇ ਤੋਂ 1 ਵਜੇ ਦੁਪਹਿਰ ਤਕ |
| 14-8-71 | ,, (ਰਾਤ) | ਕੀਰਤਨ ਰੈਨ ਸਬਾਈ 8 ਵਜੇ ਅਰੰਭ । |
| 15-8-71 | ਐਤਵਾਰ | ਭੋਗ ਕੀਰਤਨ ਰੈਨ ਸਬਾਈ । |

ਨੋਟ :— (1) ਅੰਮ੍ਰਿਤ ਸੰਚਾਰ 14-8-71 ਸਨਿਚਰਵਾਰ ਸ਼ਾਮ ਨੂੰ ਅਰੰਭ ਹੋਵੇਗਾ ।
(2) ਸਾਰਾ ਕੀਰਤਨ ਪ੍ਰੋਗਰਾਮ ਗੁਰਦੁਵਾਰਾ ਗੋਬਿੰਦ ਨਗਰ ਅੰਬਾਲਾ ਛਾਉਣੀ ਵਿਖੇ ਹੋਵੇਗਾ ।
(3) ਸੰਗਤਾਂ ਲੋੜ ਅਨੁਸਾਰ ਬਿਸਤਰੇ ਨਾਲ ਲਿਆਵਣ ਦੀ ਖੇਚਲ ਕਰਨ ।

ਪੁਛ ਗਿਛ ਲਈ :
ਭਾਈ ਇੰਦਰ ਸਿੰਘ ਗੁਲਾਟੀ.
ਪ੍ਰੋਪਰਟੀ ਡੀਲਰਜ਼,
ਗੋਬਿੰਦ ਨਗਰ, ਅੰਬਾਲਾ ਛਾਉਣੀ ।

ਦਾਸਰੇ :
ਨਿਰਬਾਨ ਕੀਰਤਨੀ ਜਥਾ,
ਅੰਬਾਲਾ ਛਾਉਣੀ ।



www.AKJ.Org

# "ਸਬਦੈ ਕਾ ਨਿਬੇੜਾ ਸੁਣਿ ਤੂ ਅਉਧੂ"

ਵਲੋਂ: *ਭਾਈ ਸਾਹਿਬ ਮਨਮੋਹਨ ਸਿੰਘ ਜੀ*, **M. Sc.**

ਇਹ ਵਾਰਤਾ ਕੁਝ ਸਾਲ ਹੋਏ, ਸਚਖੰਡ ਵਾਸੀ ਸ੍ਰੀ ਭਾਈ ਸਾਹਿਬ ਕਰਨਲ ਪਿਆਰਾ ਸਿੰਘ ਜੀ ਨੇ ਜੈਪੁਰ ਵਿਖੇ ਦਾਸ ਨੂੰ ਸੁਨਾਈ ਸੀ। "ਬਾਣੀ ਗੁਰੂ, ਗੁਰੂ ਹੈ ਬਾਣੀ" ਦੇ ਆਸ਼ੇ ਨੂੰ ਤੇ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਹਾਜ਼ਰਾ, ਹਜ਼ੂਰ, "ਘਟ ਘਟ ਕੇ ਅੰਤਰ ਕੀ ਜਾਨਤ" ਵਾਲੀ ਸ਼ਕਤੀ ਭਰਪੂਰ ਗੁਰੂ ਪਦਵੀ ਨੂੰ ਪ੍ਰਗਟਾਉਣ ਵਾਲੀ ਘਟਨਾ ਹੋਣ ਕਰਕੇ, ਪਾਠਕਾਂ ਦੇ ਪੇਸ਼ ਕੀਤੀ ਜਾਂਦੀ ਹੈ।

ਕਈ ਸਾਲ ਪਹਿਲੇ ਦੀ ਗਲ ਹੈ। ਕਰਨੈਲ ਸਾਹਿਬ ਉਨੀਂ ਦਿਨੀ ਜੈਪੁਰ ਰਿਆਸਤ ਦੀ ਫ਼ੌਜ ਵਿਚ ਅਫ਼ਸਰ ਲਗੇ ਹੋਏ ਸਨ। ਆਪਣੇ ਦਫਤਰੀ ਆਲੇ ਦੁਆਲੇ ਵਿਚ ਉਨ੍ਹਾਂ ਦੀ ਧਾਰਮਕ ਬਿਰਤੀ ਤੇ ਗੁਰਸਿਖੀ ਦੀ ਲਗਨ ਪ੍ਰਸਿਧ ਹੋ ਚੁਕੀ ਸੀ ਜਿਸ ਕਰਕੇ ਕਈ ਵੇਰ ਆਤਮਕ ਜਗਿਆਸੂ ਵੀਰ ਵਿਚਾਰ ਵਟਾਂਦਰੇ ਲਈ ਤੇ ਉਨ੍ਹਾਂ ਦੀ ਸੰਗਤ ਤੋਂ ਲਾਭ ਪ੍ਰਾਪਤ ਕਰਨ ਲਈ ਉਨ੍ਹਾਂ ਪਾਸ ਆ ਜਾਇਆ ਕਰਦੇ ਸਨ। ਗੁਰਸਿਖੀ ਦੇ ਪ੍ਰਚਾਰ ਦੀ ਲਗਨ ਮਨ ਵਿਚ ਹੋਣ ਕਰਕੇ ਉਹ ਸਦਾ ਹੀ ਐਸੇ ਅਵਸਰਾਂ ਲਈ ਤਤਪਰ ਰਹਿੰਦੇ ਸਨ। ਇਨ੍ਹਾਂ ਦੀ ਪਲਟਨ ਵਿਚ ਇਕ ਰਾਜਪੂਤ ਅਫ਼ਸਰ ਸੀ ਜਿਸ ਪਾਸ ਉਸ ਦਾ ਭਰਾ ਇਕ ਵਾਰੀ ਕੁਝ ਚਿਰ ਲਈ ਆਇਆ। ਉਹ ਸਜਨ ਆਤਮਕ ਖੋਜ ਦੀ ਬਿਰਤੀ ਵਾਲਾ ਸੀ। ਕਿਸੇ ਜੋਗ ਅਭਿਆਸੀ ਗੁਰੂ ਪਾਸੋਂ ਉਸਨੇ ਜੋਗ ਅਭਿਆਸ ਵਿਚ ਚੰਗੀ ਨਿਪੁੰਨਤਾ ਪ੍ਰਾਪਤ ਕੀਤੀ ਹੋਈ ਸੀ। ਆਪਣੇ ਭਰਾ ਪਾਸੋਂ ਕਰਨੈਲ ਸਾਹਿਬ ਦੀਆਂ ਸਿਫਤਾਂ ਤੇ ਧਾਰਮਕ ਰੁਚੀ ਸੰਬੰਧੀ ਸੋਆਂ ਸੁਣ ਕੇ ਉਸਨੇ ਕਰਨੈਲ ਸਾਹਿਬ ਦੀ ਸੰਗਤ ਕਰਨੀ ਅਰੰਭ ਦਿਤੀ। ਕਈ ਦਿਨ ਰੋਜ਼ ਹੀ ਸ਼ਾਮ ਨੂੰ ਘੰਟਾ ਘੰਟਾ ਵਿਚਾਰ ਵਟਾਂਦਰਾ ਧਾਰਮਕ ਵਿਸ਼ਿਆਂ ਤੇ ਹੁੰਦਾ ਰਿਹਾ। ਕਰਨੈਲ ਸਾਹਿਬ ਨੇ ਆਪਣੇ ਆਸ਼ ਅਨੁਸਾਰ ਗੁਰਬਾਣੀ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਜ਼ਾਹਰਾ ਜ਼ਹੂਰ ਸਰਬ ਕਲਾ ਭਰਪੂਰ ਸਚੇ ਗੁਰੂ ਹੋਣ ਸੰਬੰਧੀ ਜ਼ਿਕਰ ਕੀਤਾ। ਜਦੋਂ ਉਸਨੂੰ ਇਹ ਦਸਿਆ ਗਿਆ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਉਸੇ ਤਰ੍ਹਾਂ ਸਤਿਗੁਰੂ ਦੇ ਰੂਪ ਵਿਚ ਆਪਣੇ ਗੁਰਸਿਖਾਂ ਅਤੇ ਜਗਿਆਸੂਆਂ ਦੀ ਅਗਵਾਈ ਕਰ ਰਹੇ ਹਨ ਜਿਵੇਂ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਆਪਣੇ ਪੰਜ ਭੂਤਕ ਸਰੀਰ ਵਿਚ ਵਿਚਰਦੇ ਹੋਏ ਕਰਦੇ ਸਨ, ਉਹ ਭਉਚੱਕਾ ਜਿਹਾ ਰਹਿ ਗਿਆ। ਪਰ ਕਰਨੈਲ ਸਾਹਿਬ ਦੇ ਦਰਸਾਏ ਹੋਏ ਪ੍ਰਮਾਣ ਜੋ ਉਨ੍ਹਾਂ ਨੇ ਸ੍ਵੈ ਜੀਵਨ ਤੇ ਹੋਰ ਨਿਕਟਵਰਤੀ ਗੁਰਮੁਖਾਂ ਦੇ ਜੀਵਨਾ ਵਿਚੋਂ



www.AKJ.Org

ਸੁਣਾਏ, ਉਹ ਉਸ ਜੋਗ ਅਭਿਆਸੀ ਸਜਨ ਦੇ ਮਨ ਵਿਚ ਇਸ ਸਬੰਧੀ ਵਿਸ਼ਵਾਸ ਤੇ ਅਮੰਨਾ ਦਾ ਬੀਜ ਬੀਜ ਗਏ।

ਹੁਣ ਉਹ ਦਿਨ ਆਇਆ ਜਦ ਰਾਜਪੂਤ ਸਜਨ ਨੇ ਕਰਨੈਲ ਸਾਹਿਬ ਪਾਸੋਂ ਵਿਦਾਇਗੀ ਲੈਣੀ ਸੀ ਜੈ ਪੁਰੋਂ ਚਾਲ ਪਾਉਣ ਤੋਂ ਪਹਿਲੀ ਸ਼ਾਮ ਨੂੰ ਉਹ ਕਰਨੈਲ ਸਾਹਿਬ ਪਾਸ ਅੰਤਮ ਵਿਚਾਰਾਂ ਤੇ ਧੰਨਵਾਦ ਲਈ ਪੁੱਜਾ। ਗਲਬਾਤ ਵਿਚ ਉਸਨੇ ਕਰਨੈਲ ਸਾਹਿਬ ਨੂੰ ਨਿਸ਼ਾਨੀ ਵਜੋਂ ਕੋਈ ਸੁਗਾਤ ਦੇਣ ਲਈ ਕਿਹਾ। ਕਰਨੈਲ ਸਾਹਿਬ ਨੇ ਪਹਿਲੇ ਹੀ ਇਹ ਸੋਚ ਰਖਿਆ ਸੀ। ਉਸੇ ਵੇਲੇ ਉਠੇ ਤੇ ਅਲਮਾਰੀ ਵਿਚੋਂ ਹਿੰਦੀ (ਦੇਵਨਾ-ਗਰੀ) ਲਿਪੀ ਵਿਚ ਛਪੀ ਹੋਈ ਪੰਜ ਗ੍ਰੰਥੀ ਦੀ ਪੋਥੀ, ਸੋਹਣੇ ਜਿਹੇ ਰੁਮਾਲ ਵਿਚ ਲਪੇਟ ਕੇ ਵਿਦਾਇਗੀ ਤੋਹਫੇ ਵਜੋਂ ਪੇਸ਼ ਕ.ਤੀ। ਇਹ ਸੁਗਾਤ ਹਥਾਂ ਵਿਚ ਲੈਂਦਿਆਂ ਅਚਾਨਕ ਹੀ ਉਸ ਦੇ ਮਨ ਵਿਚ ਇਕ ਤਰੰਗ ਜਿਹੀ ਉਠੀ। ਉਸ ਪੋਥੀ ਨੂੰ ਬੜੇ ਅਦਬ ਸਤਿਕਾਰ ਨਾਲ ਸਿਰ ਤੇ ਰਖਿਆ, ਮਥੇ ਨਾਲ ਲਾਇਆ ਅਤੇ ਫਿਰ ਝੋਲੀ ਵਿਚ ਟਿਕਾ ਕੇ, ਅਖਾਂ ਮੀਟ ਕੇ ਅੰਤਰ ਆਤਮੇ ਕਿਸੇ ਅਰਦਾਸ ਵਿਚ ਲੀਨ ਹੋ ਗਿਆ। ਕਰਨੈਲ ਸਾਹਿਬ ਉਸਦੀ ਸ਼ਰਧਾ ਦੇਖਕੇ ਇਕ ਟਕ ਉਸ ਵਲ ਦੇਖ ਰਹੇ ਸਨ। ਥੋੜੇ ਮਿੰਟਾਂ ਬਾਦ ਅਖਾਂ ਖੋਲੀਆਂ। ਉਸੇ ਅਦਬ ਸਤਿਕਾਰ ਨਾਲ ਰੁਮਾਲ ਖੋਲਿਆ। ਪੋਥੀ ਨੂੰ ਦੋਹਾਂ ਹਥਾਂ ਵਿਚ ਲੈ ਕੇ ਅਤਿ ਨਿਰਮਾਣਤਾ ਤੇ ਪ੍ਰੇਮ ਸਹਿਤ ਖੋਲਿਆ। ਅਖਰਾਂ ਉਤੇ ਨਿਗਾਹ ਕੀ ਪਈ, ਬਸ ਨਿਸ਼ਾ ਹੋ ਗਈ। ਪੋਥੀ ਹਥੋਂ ਛੁਟਕ ਕੇ ਬੰਦ ਹੋ ਕੇ ਝੋਲੀ ਵਿਚ ਆ ਪਈ ਤੇ ਕਟੱਕ ਦੇ ਕੇ ਉਸਦੀ ਸਮਾਧੀ ਲਗ ਗਈ। ਜੋਗ ਅਭਿਆਸੀ ਤਾਂ ਸੀ ਹੀ। ਤੜਕ ਹੀ ਸੁਆਸ ਦਸਵੇਂ ਦੁਆਰ ਚੜ੍ਹ ਗਏ। ਕਰਨੈਲ ਸਾਹਿਬ ਹੈਰਾਨ ਸਨ ਕਿ ਕੀ ਘਟਨਾ ਵਾਪਰ ਰਹੀ ਹੈ? ਕਿਸ ਕਾਰਨ ਕਰਕੇ ਉਸਦੀ ਇਹ ਦਸ਼ਾ ਹੋ ਗਈ ਹੈ। ਪੋਥੀ ਵਿਚ ਉਸਨੇ ਕੀ ਦੇਖਿਆ ਹੈ ਜਾਂ ਪੜਿਆ ਹੈ? ਕੁਝ ਸਮਝ ਨਾ ਪਵੇ। ਕਾਫੀ ਚਿਰ ਉਸਤੇ ਇਹੋ ਦਸ਼ਾ ਰਹੀ। ਹੌਲੀ ਹੌਲੀ ਸੁਆਸ ਹੇਠਾਂ ਉਤਰੇ ਤਾਂ ਕਰਨੈਲ ਸਾਹਿਬ ਨੇ ਪੁਛਣਾ ਕੀਤੀ। ਉਹ ਹੈਰਾਨ ਤੇ ਵਿਸਮਾਦ ਦਸ਼ਾ ਵਿਚ ਮਸਤ ਕੁਝ ਕਹਿ ਹੀ ਨਾ ਸਕੇ। ਆਖਰ ਗਲਬਾਤ ਹੋਈ ਜੋ ਕੁਝ ਇਸ ਤਰ੍ਹਾਂ ਦੀ ਸੀ :—

ਕਰਨੈਲ ਸਾਹਿਬ :—ਭਾਈ ਕੁਝ ਸਾਨੂੰ ਵੀ ਦੱਸ ਕਿ ਤੈਨੂੰ ਕੀ ਪ੍ਰਾਪਤ ਹੋਇਆ ਹੈ ਜੋ ਤੂੰ ਇਨਾਂ ਗੜੂੰਦ ਹੋ ਗਿਆ ਹੈਂ?

ਜੋਗ ਅਭਿਆਸੀ :—ਸਰਦਾਰ ਸਾਹਿਬ ਕੁਝ ਨਾ ਪੁਛੋ। ਸਚ ਮੁਚ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਸਚਾ ਗੁਰੂ ਹੈ। ਅੰਤਰ ਕੀ ਜਾਨਤਾ ਹੈ। ਹਮਾਰੇ ਹਿਰਦੇ ਕੀ ਬਾਤ ਸੁਨਤਾ ਹੈ ਤਥਾ ਪ੍ਰਸ਼ਨੋ ਕੇ ਉੱਤਰ ਦੇਕਰ ਰਸਤਾ ਬਤਾਤਾ ਹੈ। ਇਸ ਮੇਂ ਰਤੀ ਭਰ ਭੀ ਸੰਦੇਹ ਨਹੀਂ ਰਹਾ।

ਕ: ਸਾ :—ਕੁਝ ਬਤਾਉਗੇ ਭੀ—ਕੈਸੇ ਤੁਮਾਰਾ ਯਿਹ ਵਿਸ਼ਵਾਸ ਹੋ ਗਿਆ ਹੈ? ਤੂਨੇ ਕਿਆ ਪੂਛਾ ਔਰ ਕਿਆ ਉਤਰ ਮਿਲਾ?

ਜੋਗ: ਅ :-ਅਰੇ ਸਰਦਾਰ ਜੀ! ਸਭ ਕੁਛ ਬਤਾਤਾ ਹੂੰ। ਪ੍ਰਸ਼ਨ ਬਤਾਨੇ ਸੇ ਪਹਿਲੇ ਜੋ ਕੁਛ ਉਤਰ ਮਿਲਾ ਪਹਿਲੇ ਵਹਿ ਸੁਨੋ। ਪੋਥੀ ਕੋ ਖੋਹਲਤੇ ਹੀ ਜੋ ਪਹਿਲੇ ਅਖਸ਼ਰ ਮੇਰੀ ਨਜ਼ਰ ਪੜੇ ਉਨ੍ਹੋਂ ਨੇ ਮੁਝੇ ਹੈਰਾਨ ਕਰ ਦੀਆ। ਆਪ ਜਾਨਤੇ ਹੀ ਹੈਂ ਕਿ ਮੈਂ ਕਵੀ ਭੀ ਹੂੰ। ਕਈ ਕਵਿਤਾਏਂ ਆਪ ਕੋ ਸੁਨਾ ਭੀ ਚੁਕਾ ਹੂੰ ਔਰ ਕਵੀ ਹੋਨੇ



www.AKJ.Org

ਕੇ ਨਾਤੇ ਮੇਰਾ ਉਪਨਾਮ "ਅਉਧੂ" ਹੈ। ਪੁਸਤਕ ਖੋਲਤੇ ਹੀ ਮੈਨੇ ਯਿਹ ਅਖਸ਼ਰ ਪੜ੍ਹੇ :

"ਸੁਣਿ ਤੂ ਅਉਧੂ"

ਇਤਨਾ ਪੜ੍ਹਤੇ ਹੀ ਮੇਰੇ ਪਰ ਏਕ ਵਿਸਮਾਦ ਕੀ ਦਸ਼ਾ ਛਾ ਗਈ। ਇਤਨੇ ਕਾਮਲ ਗੁਰੂ ! ਮੇਰਾ ਨਾਮ ਲੇ ਕੇ ਸਪਸ਼ਟ ਸੰਬੋਧਨ ਕਰ ਰਹੇ ਹੈਂ ਕਿ ਐ ਅਉਧੂ ਸੁਨ ! ਇਸ ਸੇ ਬੜ੍ਹ ਕਰ ਕਿਸੀ ਔਰ ਪ੍ਰਮਾਣ ਕੀ ਜ਼ਰੂਰਤ ਰਹਿ ਜਾਤੀ ਹੈ ਗੁਰਬਾਣੀ ਕੇ ਗੁਰੂ ਹੋਨੇ ਕੀ ? ਮੈਂ ਤੋ ਐਸਾ ਮਸਤ ਹੋ ਗਿਆ ਕਿ ਇਨ ਅਖਸ਼ਰੋਂ ਕੇ ਆਗੇ ਕੁਛ ਪੜ੍ਹ ਹੀ ਨਹੀਂ ਸਕਾ ਕਿ ਵਹਿ ਮੁਝੇ ਕਿਆ ਉਤਰ ਦੇ ਰਹੇ ਹੈਂ ?

ਕ: ਸ: ਅਛਾ ਅਬ ਯਿਹ ਬਤਾਉ ਕਿ ਤੁਮਾਰਾ ਪ੍ਰਸ਼ਨ ਕਿਆ ਥਾ ?

ਜੋਗ : ਅ: ਸਰਦਾਰ ਸਾਹਿਬ ਮੈਨੇ ਯਿਹ ਪੂਛਾ ਥਾ ਕਿ ਹੇ ਗੁਰੂ ਜੀ ਮੈਨੇ ਅਪਨੀ ਅਧਿਕ ਆਯੂ ਜੋਗ ਅਭਿਆਸ ਮੇਂ ਲਗਾ ਦੀ ਹੈ। ਆਪ ਮੁਝੇ ਯਿਹ ਬਤਾਏਂ ਕਿ ਮੁਝੇ ਯਹੀ ਮਾਰਗ ਅਪਨਾਨਾ ਚਾਹੀਏ ? ਮੇਰੇ ਕਲਿਆਨ ਕੇ ਲੀਏ ਕੌਨ ਸਾ ਮਾਰਗ ਯੋਗ ਰਹੇਗਾ ? ਯਿਹ ਤੋ ਮੁਝੇ ਵਿਸ਼ਵਾਸ ਹੈ ਕਿ ਗੁਰੂ ਜੀ ਨੇ ਸਪਸ਼ਟ ਮੇਰੇ ਪ੍ਰਸ਼ਨ ਕਾ ਉੱਤਰ ਮੁਝੇ ਹੀ ਨਾਮ ਸੇ ਸੰਬੋਧਨ ਕਰ ਕੇ ਦੀਆ ਹੈ ਪਰੰਤੂ ਅਬ ਆਪ ਹੀ ਮੇਰੀ ਸਹਾਇਤਾ ਕਰੇਂ ਔਰ ਮੁਝੇ ਬਤਾਏਂ ਕਿ ਅਸਲ ਉਤਰ ਕਿਆ ਥਾ ?

ਇਹ ਸਾਰਾ ਵਿਰਤਾਂਤ ਸੁਣਕੇ ਕਰਨੈਲ ਸਾਹਿਬ ਵੀ ਵਿਸਮਾਦ ਦਸ਼ਾ ਵਿਚ ਗਦ ਗਦ ਹੋ ਗਏ। ਸਿਧ ਗੋਸ਼ਟ ਕਢ ਕੇ ਉਹ ਪੰਨਾ ਲਭਿਆ ਤਾਂ ਪੂਰਾ ਹੁਕਮ ਜੋ ਗੁਰੂ ਸਾਹਿਬ ਨੇ ਜੋਗ ਅਭਿਆਸੀ ਵੀਰ ਲਈ ਬਖਸ਼ਿਆ ਸੀ ਉਹ ਇਹ ਸੀ :—

"ਸਬਦੈ ਕਾ ਨਿਬੜਾ ਸੁਣਿ ਤੂ ਅਉਧੂ,
ਬਿਨੁ ਨਾਵੈ ਜੋਗੁ ਨ ਹੋਈ ॥
ਨਾਮੇ ਰਾਤੇ ਅਨਦਿਨੁ ਮਾਤੇ,
ਨਾਮੈ ਤੇ ਸੁਖੁ ਹੋਈ ॥
ਨਾਮੈ ਹੀ ਤੇ ਸਭੁ ਪਰਗਟੁ ਹੋਵੈ,
ਨਾਮੇ ਸੋਝੀ ਪਾਈ ॥
ਬਿਨੁ ਨਾਵੈ ਭੇਖ ਕਰਹਿ ਬਹੁਤੇਰੇ,
ਸਚੈ ਆਪਿ ਖੁਆਈ ॥
ਸਤਿਗੁਰ ਤੇ ਨਾਮ ਪਾਈਐ ਅਉਧੂ,
ਜੋਗ ਜੁਗਤਿ ਤਾ ਹੋਈ ॥
ਕਰਿ ਬੀਚਾਰੁ ਮਨਿ ਦੇਖਹੁ ਨਾਨਕ,
ਬਿਨੁ ਨਾਵੈ ਮੁਕਤਿ ਨ ਹੋਈ ॥"

ਉਸਨੂੰ ਜਦ ਸ਼ਬਦ ਦਾ ਭਾਵ ਸਮਝਾਇਆ ਗਿਆ ਕਿ ਹੇ ਅਉਧੂ ! ਤੇਰੇ ਪ੍ਰਸ਼ਨ ਦਾ ਉਤਰ ਇਹ ਹੈ ਕਿ ਨਾਮ ਤੋਂ ਬਿਨਾਂ ਹੋਰ ਕੋਈ ਜੋਗ ਜੁਗਤ ਲੇਖੇ ਨਹੀਂ। ਗੁਰਮਤ ਨਾਮ ਵਿਚ ਦਿਨ ਰਾਤ ਜੁਟਿਆ ਰਹੇ ਤਾਂ ਫਿਰ ਉਸ ਨਾਮ ਅਭਿਆਸ ਕਮਾਈ ਸਦਕਾ ਸਚਾ ਸੁਖ ਪ੍ਰਾਪਤ ਹੋ ਸਕਦਾ ਹੈ। ਨਾਮ ਕਮਾਈ ਨਾਲ ਹੀ 'ਆਦਿ ਸਚੁ, ਜੁਗਾਦਿ ਸਚ, ਹੈਭੀ ਸਚੁ, ਨਾਨਕ ਹੋਸੀ ਭੀ ਸਚ' ਪ੍ਰਗਟ ਹੁੰਦਾ ਹੈ ਤੇ ਨਾਮ ਕਮਾਈ ਨਾਲ ਹੀ ਸਚੀ ਪ੍ਰਮਾਰਥਕ ਸੋਝੀ ਮਿਲਦੀ ਹੈ। ਗੁਰਮਤ ਨਾਮ ਤੋਂ ਬਿਨਾ ਹੋਰ ਜਿੰਨੇ ਵੀ ਭੇਖ ਆਦਿ ਲੋਕ ਕਰਦੇ ਹਨ, ਅਕਾਲ ਪੁਰਖ ਦੇ ਹੁਕਮ ਅਨੁਸਾਰ ਉਨ੍ਹਾਂ ਸਭ ਕਰਮਾਂ ਦਾ ਸਿਟਾ ਖੁਆਰੀ ਹੀ ਮਿਲਦੀ ਹੈ। ਇਹ ਗੁਰਮਤਿ ਨਾਮ ਕੇਵਲ ਸਚੇ ਗੁਰੂ (ਸਤਿਗੁਰੂ ਨਾਨਕ-ਦਸਮੇਸ਼) ਦੇ ਘਰੋਂ ਹੀ ਪ੍ਰਾਪਤ ਹੁੰਦਾ ਹੈ ਅਤੇ ਇਸ ਵਿਚੋਂ ਹੀ ਸਚੀ ਜੋਗ ਜੁਗਤੀ ਪ੍ਰਾਪਤ ਹੁੰਦੀ ਹੈ ਚੰਗੀ ਤਰ੍ਹਾਂ ਘੋਖ ਕੇ ਵੀਚਾਰ ਕੇ ਇਸੇ ਸਿਟੇ ਤੇ ਪੁਜਦੇ ਹਾਂ ਕਿ ਏਸ ਗੁਰਮਤਿ ਨਾਮ ਅਭਿਆਸ ਕਮਾਈ ਬਿਨਾਂ ਮੁਕਤੀ ਪ੍ਰਾਪਤ ਨਹੀਂ ਹੋ ਸਕਦੀ।

ਜਦ ਇਹ ਸਮੁਚਾ ਭਾਵ ਉਸਨੇ ਸੁਣਿਆ ਤਾਂ ਸਿਰ ਨੀਵਾਂ ਕਰ ਕੇ ਸੋਚ ਵਿਚ ਡੁਬ ਗਿਆ। ਥੋੜੀ ਦੇਰ ਬਾਦ ਕਹਿਣ ਲਗਾ :-



www.AKJ.Org

"ਅਛਾ ਤੋ ਅਬ ਗੁਰੂ ਨਾਨਕ ਕੇ ਘਰ ਸੇ 'ਨਾਮ ਕੀ ਪ੍ਰਾਪਤੀ ਕਰਨੀ ਹੀ ਪੜੇਗੀ।"

ਇਸ ਘਟਨਾ ਤੋਂ ਦੂਜੇ ਦਿਨ ਉਹ ਸਜਨ ਜੈਪੁਰ ਤੋਂ ਚਲਾ ਗਿਆ ਤੇ ਮੁੜ ਕੇ ਕਦੇ ਨਾ ਮੇਲ ਹੋਣ ਕਰਕੇ ਕਰਨੈਲ ਸਾਹਿਬ ਨੂੰ ਇਹ ਪਤਾ ਨਾ ਲਗ ਸਕਿਆ ਕਿ ਉਹ ਆਪਣੇ ਇਰਾਦੇ ਵਿਚ ਸਫਲ ਹੋਇਆ ਕਿ ਨਾ, ਜਾਂ ਉਸ ਨੇ ਇਸ ਗੁਰ ਹੁਕਮ ਦੀ ਪਾਲਨਾ ਕੀਤੀ ਕਿ ਨਾ?

..................

# ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਮਹੱਤਤਾ

## *ਵਲੋਂ : ਗੁਰਪੁਰਵਾਸੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ*

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਨਿੰਨ ਸਿੱਖ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਦੱਸਾਂ ਗੁਰੂ ਸਾਹਿਬਾਂ ਦਾ ਸੱਚਾ ਸਰੂਪ ਜਾਣਦੇ ਹੋਏ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪੂਰਾ ਪੂਰਾ ਅਦਬ ਸਨਮਾਨ ਕਰਦੇ ਹਨ। ਸਿਰ ਸ਼ਾਹਾਂ ਦੇ ਸੱਚਾ ਸ਼ਾਹ, ਗੁਰੂ ਪਾਤਸ਼ਾਹ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਮੰਨਣਾ ਗੁਰੂ ਪਾਤਸ਼ਾਹ ਦੇ ਅਨਿੰਨ ਗੁਰ ਸਿਖਾਂ ਦਾ ਪੂਰਾ ਪੂਰਾ ਧਰਮ ਮਿਆਰ ਹੈ। ਅਦਬ, ਸਨਮਾਨ ਹੇਠ ਲਿਖੀਆਂ ਸਿਖੀ ਸਿਦਕ ਦੀਆਂ ਅਨਿੰਨਤਾ ਪੂਰਤ ਸ਼ਰਧਾ ਭਾਵਨੀਆਂ ਨਾਲ ਆਉਂਦਾ ਹੈ।

(੧) ਮਨ, ਬਚਨ, ਕਰਮ ਕਰਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਸੱਚਾ ਕਲਿਆਣ ਕਾਰੀ ਗੁਰੂ ਸਮਝਣਾ ਅਤੇ ਸ੍ਰੀ ਗੁਰੂ ਦਸਮੇਸ਼ ਜੀ ਦੇ ਹੁਕਮ ਅਨੁਸਾਰ ਹੋਰ ਕਿਸੇ ਵੀ ਦੇਹਧਾਰੀ ਭਿੰਡੀ ਗੁਰੂ ਉਤੇ ਕਲਿਆਣਕਾਰੀ ਗੁਰੂ ਵਾਲੀ ਸ਼ਰਧਾ ਨਹੀਂ ਲਿਆਵਣੀ।

(੨) ਗੁਰੂ ਸੰਗਤ ਦੇ ਸਮਾਗਮ ਵਿਚ ਜਦੋਂ ਭੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਹੋਵੇ ਤਾਂ ਉੱਚੇ ਸੁੱਚੇ ਸਿੰਘਾਸਣ ਉੱਤੇ ਹੋਵੇ।

(੩) ਪ੍ਰਕਾਸ਼ ਰੂਪ ਸਿੰਘਾਸਨ ਸਰੂਪ ਉੱਤੇ ਸਜਾਏ ਹੋਏ ਬਸਤਰ ਚਾਹੇ ਸਿੱਧੇ ਸਾਦੇ ਹੀ ਹੋਣ ਪ੍ਰੰਤੂ ਸੁੱਛ ਅ ਸਾਫ ਕੀਤੇ ਹੋਏ ਹੋਣ। ਰੰਗ-ਦਾਰ ਅਤੇ ਰੇਸ਼ਮੀ ਰੁਮਾਲਾਂ (ਪਟੋਲਿਆਂ) ਦਾ ਸਜਾਉਣਾ ਜ਼ਰੂਰੀ ਨਹੀਂ। ਖ਼ਾਸ ਕਰ ਗੁਰੂ ਪਾਤਸ਼ਾਹੀਆਂ ਦੀਆਂ ਬਨਾਵਟੀ ਤਸਵੀਰਾਂ ਵਾਲੇ ਰੁਮਾਲ ਅੱਗੇ ਅਤੇ ਉੱਤੇ ਸਜਾਉਣੇ ਮਹਾਂ ਮਨਿ ਮਤਿ ਵਿਚ ਦਾਖ਼ਲ ਹਨ।

(੪) ਸਿੰਘਾਸਨੀ ਰੁਮਾਲ ਸਿੱਧੇ ਸਾਦੇ ਤੇ ਸਾਫ ਘਟ ਤੋਂ ਘਟ ਪੰਜ ਹੋਣੇ ਚਾਹੀਦੇ ਹਨ।

(੫) ਸੁਖਾਸਨੀ ਸਿੰਘਾਸਨ ਨਿਰਾਲੇ ਪੀੜ੍ਹੇ ਜਾਂ ਪਲੰਘ ਤੇ ਹੋਵੇ। ਹੇਠਾਂ ਗਦੈਲੇ ਜ਼ਰੂਰ ਵਿਛਾਏ ਜਾਣ ਅਤੇ ਉੱਪਰ ਚਾਨਣ ਜ਼ਰੂਰ ਹੋਵੇ।

(੬) ਕਿਸੇ ਅਲਮਾਰੀ ਵਿਚ ਤਾੜ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਰੱਖਣਾ ਅਨਿੰਨਤਾ ਵਾਲੀ ਸਿੱਖੀ ਸਿਦਕ ਹੀਨਤਾ ਦੀ ਨਿਸ਼ਾਨੀ ਹੈ। ਜਿਸ ਗਰੀਬ ਦੇ ਗ੍ਰਿਹਿ ਵਿਖੇ ਵੱਖਰਾ ਕਮਰਾ ਸੁਖਾਸਨ ਵਾਲਾ ਤੇ ਪਲੰਘ, ਪੀੜ੍ਹਾ ਵਿਛਾ-ਵਣ ਵਾਲਾ ਨਾ ਹੋਵੇ ਉਹ ਵਿਚਾਰੇ ਗਰੀਬ ਸਿੱਖ ਆਪਣੀ ਵਿਤ ਅਨੁਸਾਰ, ਪਰ ਪੂਰਨ ਅਦਬ ਸਨਮਾਨ ਨਾਲ ਅਲਮਾਰੀ ਦੇ ਖੁਲ੍ਹੇ ਖਾਨੇ ਵਿਚ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸਿੰਘਾਸਨ



www.AKJ.Org

ਜਮਾ ਸਕਦੇ ਹਨ। ਪਰ ਉਹ ਖੁਲ੍ਹਾ ਖਾਨਾ ਹੇਠਾਂ ਉੱਤੇ ਸਿੱਧੇ ਸਾਦੇ ਗਰੀਬੋ ਗਰੀਬ ਵਾਲੇ ਬਸਤਰਾਂ ਨਾਲ ਸ਼ਸ਼ੋਭਿਤ ਹੋਵੇ।

(੭) ਸੁਖਾਸਨ ਵਾਲੇ ਅਸਥਾਨ ਵਿਖੇ ਧੂਪ ਧੁਖਾਣੀ ਅਤੀ ਜ਼ਰੂਰੀ ਹੈ।

(੮) ਸ੍ਰੀ ਗੁਰੂ ਗ੍ਰੰਥ ਸਾਹਿਬ ਸ੍ਰੀ ਗੁਰੂ ਸਾਹਿਬਾਨ ਦਾ ਆਤਮਕ ਸਰੂਪ, ਉਸਨ-ਸੀਤ ਅਤੇ ਖੁਧਿਆ ਤ੍ਰਿਖਾ ਤੋਂ ਨਿਰਾਲਮ ਅਤੇ ਨਿਰਲੇਪ ਹੈ। ਇਸ ਕਰਕੇ ਗੁਰੂ ਸਾਹਿਬ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਹੁਨਾਲੇ ਸਿਆਲੇ ਦੇ ਖਿਆਲ ਅਨੁਸਾਰ ਬਸਤਰ ਉਢਾਵਣੇ ਅਤੇ ਭੋਗ ਲੁਆਉਣਾ ਇਹ ਨਿਰੀ ਅਾਨਮਤੀਆਂ ਵਾਲੀ ਕਿਰਿਆ ਹੈ।

(੯) ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰਕਾਸ਼ ਰੂਪੀ ਦਰਬਾਰ ਵਿੱਚ ਜਾਂ ਸਿੰਘਾਸਨੀ ਅਸਥਾਨ ਉੱਤੇ ਦਸਾਂ ਗੁਰੂ ਪਾਤਸ਼ਾਹੀਆਂ ਦੀਆਂ ਬਨਾਵਟੀ ਤਸਵੀਰਾਂ ਅੱਗੇ ਪਿੱਛੇ ਰੱਖ ਕੇ ਸਜਾ-ਵਣੀਆਂ ਨਿਰੀ ਮਨਿਮਤ ਹੈ।

(੧੦) ਜਿੱਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਪ੍ਰਕਾਸ਼ ਹੋਣ, ਉਸ ਦਰਬਾਰੀ ਕਮਰੇ ਨੂੰ ਭਲੀ ਭਾਂਤ ਸਫ਼ਾਈ ਸਹਿਤ ਸਜਾਵਣਾ ਅਤਿਅੰਤ ਜ਼ਰੂਰੀ ਹੈ ਅਤੇ ਦਰਬਾਰ ਵਿਖੇ ਪ੍ਰਕਾਸ਼ਤ ਸ੍ਰੀ ਗੁਰੂ ਗ੍ਰੰਥ ਸਾਹਿਬ ਉੱਤੇ ਚੌਰ ਕਰਨਾ ਵੀ ਪਰਮ ਸਨਮਾਨੀਕ ਅਤੇ ਅਦਬ ਪੂਰਤ ਹੈ; ਪ੍ਰੰਤੂ ਜਦ ਤਾਈਂ ਪਾਠੀ ਸਿੰਘ ਪਾਠ ਨਾ ਕਰੇ ਅਤੇ ਵਾਕ ਨਾ ਲਵੇ ਓਦੋਂ ਤਾਂਈਂ ਕੋਈ ਸਿੰਘ ਸੱਜਣ ਖੜਾ ਹੋ ਕੇ ਚੌਰ ਕਰਦਾ ਰਹੇ।

(੧੧) ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ ਕਰਨ ਸਮੇਂ ਜਾਂ ਵਾਕ ਲੈਣ ਸਮੇਂ ਜੋ ਸਿੰਘ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬਿਆ ਸਜ ਉਹ ਪੰਜ ਇਸ਼ਨਾਨਾ ਕਰਕੇ ਬੈਠੇ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਤਾਬੇ ਇਸ ਪ੍ਰਕਾਰ ਬੈਠਣਾ ਪੂਰਨ ਅਦਬ ਸਨਮਾਨਤਾ ਦੀ ਨਿਸ਼ਾਨੀ ਹੈ। ਜੋ ਕਾਹਲੇ ਬਿਵਹਾਰੀ ਲੋਕ ਬਿਨਾਂ ਪੰਜ ਇਸ਼ਨਾਨ ਕੀਤੇ ਦੇ ਜੋੜਿਆਂ ਵਾਲੇ ਪੈਰਾਂ ਸਮੇਤ ਨਿਰਸ਼ੱਕ ਹੋ ਕੇ ਤਾਬੇ ਸਜ ਜਾਂਦੇ ਹਨ ਉਹ ਅਨਿੰਨ ਸ਼ਰਧਾ ਵਾਲੇ ਸਿੱਖ ਨਹੀਂ ਕਹਾ ਸਕਦੇ। ਇਹ ਬੜੀ ਭਾਰੀ ਬੇਅਦਬੀ ਹੈ। ਜੋ ਲੋਕ ਮੈਦਾਨ (ਪਾਖਾਨੇ) ਜਾਣ ਵਾਲੇ ਪਜਾਮੇ ਸਾਹਿਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬੇ ਜਾ ਬੈਠਦੇ ਹਨ ਉਹ ਬੜੀ ਭਾਰੀ ਭੁਲ ਕਰਦੇ ਹਨ। ਸੱਚ ਸੁਚਿਆਰਤਾ ਇਹ ਹੈ ਕਿ ਪਜਾਮਾ ਲਾਹਕੇ ਅਤੇ ਪੰਜ ਇਸ਼ਨਾਨਾ ਕਰਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬਿਆ ਬੈਠਿਆ ਜਾਵੇ। ਜਿਨ੍ਹਾਂ ਲੋਕਾਂ ਦੇ ਤੇੜ ਕਛਹਿਰੇ ਨਹੀਂ ਹੁੰਦੇ ਜਾਂ ਅਟਪਟੇ ਕਛਹਿਰੇ (ਨਿੱਕਰ) ਪਾਏ ਹੁੰਦੇ ਹਨ ਉਹ ਆਪਣਾ ਪਾਜ ਉਘੜਨ ਤੋਂ ਡਰਦੇ ਅਕਸਰ ਪਜਾਮੇ ਸਮੇਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬੇ ਜਾ ਬੈਠਦੇ ਹਨ।

(੧੨) ਮਾਈਆਂ ਬੀਬੀਆਂ ਲਈ ਇਹ ਹੁਕਮ ਹੈ ਕਿ ਗੁਰੂ ਗ੍ਰੰਥ ਸਾਹਿਬ ਜੀ ਦੇ ਤਾਬੇ ਸਜਣ ਸਮੇਂ ਅਣਲਗ ਸਲਵਾਰਾਂ ਪਜਾਮੇ ਪਾ ਕੇ ਬੈਠਣ, ਕਦੀ ਵੀ ਵਰਤੋਂ ਵਿਚ ਆਏ ਸੜੇ ਹੋਏ ਪਜਾਮੇ (ਸਲਵਾਰਾਂ) ਪਾ ਕੇ ਨਾ ਬੈਠਣ। ਉਹ ਜ਼ਰੂਰ ਪੈਰ ਧੋ ਕੇ ਬੈਠਣ। ਜੋ ਸਲਵਾਰ (ਪਜਾਮਾ) ਜੁੱਤੀ ਨਾਲ ਲੱਗ ਚੁਕਿਆ ਹੋਵੇ ਉਹ ਵੀ ਪਹਿਨ ਕੇ ਤਾਬੇ ਨਾ ਬੈਠਣ। ਇਸ ਵਿਚ ਰੰਚਕ ਸੰਦੇਹ ਨਹੀਂ ਕਿ ਸੁੱਛ ਸਲਵਾਰ ਪਜਾਮੇ ਦਾ ਪਹਿਰਾਵਾ



www.AKJ.Org

ਗੁਰੂ ਦਰਬਾਰੀ ਪੁਸ਼ਾਕ ਵਿੱਚ ਸ਼ਾਮਲ ਹੈ। ਇਹੋ ਕਾਰਨ ਹੈ ਕਿ ਅਸੀਂ ਸ੍ਰੀਅੰ ਮ੍ਰਿਤਸਰ ਸਾਹਿਬ (ਹਰਿਮੰਦਰ ਸਾਹਿਬ) ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਨਿਕਟੀ ਸੇਵਾਦਾਰਾਂ ਨੂੰ ਪਜਾਮੇ ਸਜਾਏ ਵੇਖਦੇ ਹਾਂ, ਪ੍ਰੰਤੂ ਇਹ ਗੱਲ ਵਿੱਦਿਤ ਰਹੇ ਕਿ ਉਨ੍ਹਾਂ ਦੇ ਇਸ ਸੇਵਾ, ਨਿਕਟਤਾ ਨਮਿੱਤ ਸਜਾਏ ਹੋਏ ਪਜਾਮੇ ਖਾਸ ਰੱਖੇ ਹੋਏ ਹੁੰਦੇ ਹਨ ਜਿਨ੍ਹਾਂ ਨੂੰ ਉਹ ਸਿਰਫ ਉਸ ਸੇਵਾ ਸਮੇਂ ਹੀ ਸਜਾਉਂਦੇ ਹਨ ਆਮ ਖਾਸ ਵਰਤੋਂ ਵਿਚ ਨਹੀਂ ਲਿਆਉਂਦੇ। ਜੋ ਨਿਕਟ ਸੇਵਾਦਾਰ ਇਸ ਅਦਬ ਸਨਮਾਨਤਾ ਪੂਰਤ ਧਾਰਨਾ ਨੂੰ ਨਹੀਂ ਧਾਰਦਾ ਉਹ ਗੁਰੂ ਸਾਹਿਬ ਦਾ ਪੂਰਾ ਦੇਣਹਾਰ ਹੁੰਦਾ ਹੈ। ਤਿਨ ਗੁਰੂ ਦਰਬਾਰੀ ਨਿਕਟੀ ਸੇਵਾਦਾਰਾਂ ਦੀ ਰੀਸੇ ਜੋ ਪੁਰਸ਼ ਨਿਸ਼ੱਕ ਹੋ ਕੇ ਹਰ ਪ੍ਰਕਾਰ ਦਾ ਮੈਲਾ ਕੁਚੈਲਾ ਪਜਾਮਾ ਪਾ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਤਾਬੇ ਜਾ ਬੈਠਦੇ ਹਨ ਉਹ ਲੋਕ ਅਦਬ ਸਨਮਾਨਤਾ ਵਾਲੀ ਰਹਿਤ ਰਹਿਣੀ ਤੋਂ ਉੱਕੇ ਹੀ ਬਚਿੰਤ ਹਨ। ਤਿੰਨਾਂ ਦੀ ਅਨਿੰਨ ਭਗਤੀ ਕੀਤੀ ਹੋਈ ਕਦੇ ਵੀ ਪੂਰਨ ਤੌਰ ਤੇ ਫਲਦਾਇਕ ਨਹੀਂ ਹੁੰਦੀ। ਕਈ ਨਾਮ ਧਰੀਕ ਨਿਰਭੈ ਸਿੱਖ ਅਸੀਂ ਐਸੇ ਵੀ ਡਿਠੇ ਹਨ ਜੋ ਸੜੇ ਹੋਏ ਪਜਾਮੇ ਅਤੇ ਸੜੀਆਂ ਹੋਈਆਂ ਜੁਰਾਬਾਂ ਵਾਲੇ ਪੈਰਾਂ ਸਮੇਤ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬੇ ਜਾ ਬੈਠਦੇ ਹਨ ਅਤੇ ਨਿਰਭੈ ਹੋ ਕੇ ਪਾਠ ਕਰਨ ਲਗ ਪੈਂਦੇ ਹਨ। ਉਨ੍ਹਾਂ ਦੇ ਪੈਰਾਂ ਵਿਚ ਪਾਏ ਹੋਏ ਬੂਟਾਂ ਤੋਂ ਅਤੇ ਬੂਟਾਂ ਵਾਲੀਆਂ ਜੁਰਾਬਾਂ ਤੋਂ ਸੜੇ ਹੋਏ ਚਮੜੇ ਦਾ ਮੁਸ਼ਕ ਆਉਂਦਾ ਹੈ। ਫੇਰ ਵੀ ਉਹ ਇਸ ਤਰ੍ਹਾਂ ਤਾਬੇ ਬੈਠਣ ਸਮੇਂ ਪ੍ਰਵਾਹ ਨਹੀਂ ਕਰਦੇ। ਉਂਜ ਉਹ ਗੁਰਦਰਸ਼ਨਾਂ ਦੇ ਪੱਕੇ ਨੇਮੀ ਪ੍ਰੇਮੀ ਆਪਣੇ ਆਪ ਨੂੰ ਜ਼ਾਹਰ ਕਰਦੇ ਹਨ ਅਤੇ ਬੜੇ ਦਾਅਵੇ ਨਾਲ ਕਹਿੰਦੇ ਹਨ ਕਿ ਅਸੀਂ ਗੁਰੂ ਗ੍ਰੰਥ ਸਾਹਿਬ ਜੀ ਦੇ ਦਰਸ਼ਨ ਕਰਨ ਤੋਂ ਬਿਨਾਂ ਉੱਕਾ ਹੀ ਅੰਨ-ਜਲ ਪਾਨ ਨਹੀਂ ਕਰਦੇ ਅਤੇ ਨਾ ਹੀ ਕਿਸੇ ਕੰਮ ਨੂੰ ਹੱਥ ਲਾਉਂਦੇ ਹਾਂ। ਅਸੀਂ ਉਨ੍ਹਾਂ ਦੀ ਇਸ ਨੇਮ ਭਰੀ ਨਿੰਮਰਤਾ ਤੋਂ ਕੁਰਬਾਨ ਜਾਂਦੇ ਹਾਂ। ਕਾਸ਼! ਕਿ ਉਹ ਉਪਰ ਦੱਸੀ ਸ਼ਰਧਾ ਸਨਮਾਨਤਾ ਦੇ ਵੀ ਧਾਰਨੀ ਹੋਣ।

— — — —



www.AKJ.Org

# ਆਸਾ ਦੀ ਵਾਰ

## ਰਚਨਾਕਾਲ ਤੇ ਅਸਥਾਨ

*ਗਿ: ਹਰਬੰਸ ਸਿੰਘ ਜੀ ਚੰਡੀਗੜ੍ਹ, ਕਰਤਾ "ਜਪੁ ਨਿਰਨਯ"*

(ਗਿ: ਹਰਬੰਸ ਸਿੰਘ ਜੀ ਕਰਤਾ 'ਜਪੁ-ਨਿਰਨਯ' ਨੂੰ ਆਸਾ ਦੀ ਵਾਰ ਨਿਰਨਯ' ਜਿਸ ਵਿਚ ਲੇਖਕ ਨੇ ਗੁਰਸਿਖਾਂ ਦੀ ਲੋੜ ਨੂੰ ਮੁੱਖ ਰਖਦੇ ਹੋਏ ਹਮ ਸ਼ੰਕਾਵਾਦੀ ਅਰਥਾਂ ਦੇ ਨਿਰਣੇ, ਸ਼ੁੱਧ ਪਾਠ ਉਚਾਰਨ ਅਤੇ ਹਰੇਕ ਪਉੜੀ ਮਗਰੋਂ ਸਲੋਕਾਂ ਤੇ ਪਉੜੀ ਦੇ ਰਲ ਮਿਲੇ ਭਾਵਾਂ ਨੂੰ ੨੪ ਗੁਰਮਤ ਲੇਖਾਂ ਰਾਹੀਂ ਗੁੰਦਿਆ ਹੈ, ਸੂਰੇ ਵਿਚ ਲੜੀ ਚਲਾਉਣ ਲਈ ਬੇਨਤੀ ਕੀਤੀ ਸੀ ਪਰ ਆਪ ਜੀ ਦੀ ਉਪਰੋਕਤ ਪੁਸਤਕ ਇਸ ਵੇਲੇ ਪ੍ਰਕਾਸ਼ਤ ਅਧੀਨ ਹੈ। ਫਿਰ ਵੀ ਆਪ ਜੀ ਨੇ ਸਾਨੂੰ 'ਆਸਾ ਦੀ ਵਾਰ' ਬਾਰੇ ਕੁਝ ਵਿਸ਼ੇਸ਼ ਲੇਖ ਭੇਜੇ ਹਨ ਜੋ ਪਾਠਕਾਂ ਦੀ ਭੇਟ ਕੀਤੇ ਜਾ ਰਹੇ ਹਨ ਸੰਪਾਦਕ।)

ਜਪੁਜੀ ਸਾਹਿਬ ਵਾਂਗ ਆਸਾ ਦੀ ਵਾਰ ਵੀ ਗੁਰੂ ਨਾਨਕ ਜੀ ਦੀ ਇਕ ਜਗਤ ਪ੍ਰਸਿੱਧ ਬਾਣੀ ਹੈ। ਇਸ ਵਾਰ ਵਿਚ ਕੁੱਲ ੫੯ ਸਲੋਕ ਅਤੇ ੨੪ ਪਉੜੀਆਂ, ਗੁਰੂ ਨਾਨਕ ਦੇਵ ਜੀ ਦੀ ਅਪਣੀ ਰਚਨਾ ਅਤੇ ੧੫ ਸਲੋਕ ਗੁਰੂ ਅੰਗਦ ਦੇਵ ਜੀ ਦੇ ਰਚੇ ਹੋਏ ਹਨ।

ਇਸ ਵਾਰ ਬਾਰੇ ਇਹ ਸਾਖੀ ਪ੍ਰਚਲਤ ਹੈ ਕਿ ਗੁਰੂ ਨਾਨਕ ਦੇਵ ਜੀ ਨੇ ਨੌਂ ਪਉੜੀਆਂ ਸ਼ੇਖਬ੍ਰਹਮ ਪ੍ਰਤੀ ਅਤੇ ੧੫ ਪਉੜੀਆਂ ਦੁਨੀ ਚੰਦ ਧੁਪੜ ਲਾਹੌਰ ਵਾਸੀ ਪ੍ਰਥਾਇ ਉਚਾਰਨ ਕੀਤੀਆਂ ਇਸ ਲਈ ਕਈ ਪੁਰਾਤਨ ਰਾਗੀ ਇਸ ਵਾਰ ਨੂੰ ਦੋ ਭਾਗਾਂ ਵਿੱਚ ਵੰਡ ਕੇ ਕੀਰਤਨ ਕਰਦੇ ਹਨ। ਇਕ ਦਿਨ ਨੌਂ ਪਉੜੀਆਂ ਅਤੇ ਦੂਜੇ ਦਿਨ ੧੪ ਪਉੜੀਆਂ ਦਾ ਕੀਰਤਨ ਕਰਕੇ ਇਸ ਵਾਰ ਦਾ ਭੋਗ ਪਾਉਂਦੇ ਹਨ। ਇਸ ਰਹੁ ਰੀਤੀ ਦਾ ਆਧਾਰ ਵਲਾਇਤ ਵਾਲੇ ਨੁਸਖੇ ਨਾਲ ਸੰਪਾਦਤ ਕੀਤੀ ਗਈ ਜਨਮ ਸਾਖੀ ਹੈ। ਇਸ ਜਨਮ ਸਾਖੀ ਵਿੱਚ ਸ਼ੇਖ ਬ੍ਰਹਮ ਅਤੇ ਦੁਨੀ ਚੰਦ ਧੁਪੜ ਨਾਲ ਹੋਈ ਵਾਰਤਾਲਾਪ ਨੂੰ ਇਉਂ ਅੰਕਿਤ ਕੀਤਾ ਗਿਆ ਹੈ:-

(ੳ) "ਤਾਂ ਫਿਰਿ ਪੀਰਿ ਕਹਿਆ, ਨਾਨਕ! ਹਿਕ ਖੁਦਾਇ ਦੀ ਵਾਰ ਸੁਣਾਇ, ਅਸਾਨੂੰ ਏਹ ਮਖਸੂਦ ਹੈ, ਜੋ ਵਾਰ ਦੂਹੁ ਬਾਝੂ ਹੋਂਦੀ ਨਾਹੀਂ, ਅਤੇ ਤੂੰ ਹਿਕੋਹਿਕ ਆਖਦਾ ਹੈਂ, ਵੇਖਾਂ ਖੁਦਾਇ ਦਾ ਸਰੀਕੁ ਤੂੰ ਕਵਣ ਕਰਸੀ ? ਤਬ ਬਾਬੇ ਆਖਿਆ, 'ਮਰਦਾਨਿਆ ! ਰਬਾਬ ਵਜਾਇ'। ਤਾਂ ਮਰਦਾਨੇ ਰਬਾਬ ਵਜਾਇਆ, ਰਾਗੁ ਆਸਾ ਕੀਤਾ, ਬਾਬੇ ਸਲੋਕੁ ਦਿਤਾ।

ਸਲੋਕ, ਸਤਿਗੁਰੂ ਪ੍ਰਸਾਦਿ ॥ ਆਸਾ ਦੀ ਵਾਰ ਮਹਲਾ ੧ ਸਲੋਕ ਪਉੜੀਆਂ ਨਉਂ ਹੋਈਆਂ ਏਤ ਪਰਥਾਇ ॥"

(ਪੁਰਾਤਨਜਨਮ ਸਾਖੀ ਪੰ. ੬੫)



www.AKJ.Org

(ਅ) "ਤਬ ਬਾਬੇ ਆਖਿਆ, ਮਰਦਾਨਿਆ ਰਬਾਬੁ ਵਜਾਇ । ਤਾਂ ਮਰਦਾਨੇ ਰਬਾਬ ਵਜਾਇਆ ਰਾਗ ਆਸਾ ਕੀ ਵਾਰ ਕੀਤਾ, ਪਉੜੀਆਂ ੧੫ ਪਰਥਾਇ ਦੂਨੀ ਚੰਦ ਕੇ ਕੀਤੀਆਂ"

(ਪੰ: ੮੩)

ਜੇ ਉਪ੍ਰੋਕਤ ਸਾਖੀਆਂ ਦੀ ਪੁਸ਼ਟੀ ਭਾਈ ਸਾਹਿਬ ਮਨੀ ਸਿੰਘ ਜੀ ਕਰ ਦਿੰਦੇ ਤਾਂ ਪ੍ਰਮਾਣੀਕ ਮੰਨੀਆਂ ਜਾ ਸਕਦੀਆਂ ਸਨ ਪਰ ਆਪ ਜੀ ਨੇ ਆਸਾ ਕੀ ਵਾਰ ਸਟੀਕ ਆਪਣੇ ਰਚੇ ਹੋਏ ਗ੍ਰੰਥ "ਗਿਆਨ ਰਤਨਾਵਲੀ" ਵਿਚ ਦਿਤਾ ਹੈ, ਉਸ ਵਿਚ ਕੇਵਲ ਪੀਰ ਸ਼ੇਖ ਬ੍ਰਹਮ ਦੀ ਗੋਸ਼ਟੀ ਦਾ ਹੀ ਜ਼ਿਕਰ ਕੀਤਾ ਹੈ । ਜਿਵੇ :—

"ਤਾਂ ਸ਼ੇਖ ਬਹ੍ਰਮ ਕਹਿਆ ਜੋ ਜੀ ਢਾਢੀ ਰਾਜਿਉਂ ਕੀਆ ਵਾਰਾ ਗਾਵਤੇ ਹੈ॥ ਜੋ ਰਾਜੇ ਪ੍ਰਸੰਨ ਹੋਤੇ ਹੈ ॥ ਸੂਰਮੇ ਭੀ ਪ੍ਰਸੰਨ ਹੋ ਕੇ ਜੁਧ ਕਰਤੇ ਹੈ ॥ ਅਰੁ ਕਾਇਰਾ ਕੇ ਮਨ ਮੈ ਭੀ ਜੁਧ ਕਾ ਉਦਮ ਹੋਇ ਆਵਤਾ ਹੈ ॥ ਤੈਸੇ ਜੋ ਮਹਾਰਾਜ ਕੀ ਵਾਰ ਗਾਵਤੇ ਹੈ॥ ਸੋ ਮਹਾਰਾਜ ਭੀ ਪ੍ਰਸੰਨ ਹੋਤੇ ਹੈ ਤੇ ਸੰਤ ਭੀ ਪ੍ਰਸੰਨ ਹੋਤੇ ਹੈ ॥ ਅਰ ਜਉਨ ਸੇ ਜਗਿਆਸੀ ਹੈ ਤਿਨੋ ਕਾ ਭੀ ਮਨ ਮਾਰ ਇੰਦ੍ਰੀਅਹੁ ਕੇ ਜੀਤਣੇ ਕਾ ਉਦਮ ਹੋਇ ਆਵਤਾ ਹੈ ॥ ਤਾ ਤੇ ਤੁਸੀ ਮੇਰੇ ਤਾਈ ਕਾਈ ਪ੍ਰਮੇਸ਼ਰ ਕੀ ਵਾਰ ਸੁਣਾਵਹੁ ॥ ਤਾਂ ਬਾਬੇ ਕਹਿਆ ਮਰਦਾਨਿਆ ਕਬੀਰ ਜੀ ਨੇ ਗਉੜੀ ਕਾ ਰਾਗੁ ਅੰਗੀਕਾਰ ਕੀਆ ਹੈ । ਅਰੁ ਸਿਧਹੁ ਨੇ ਰਾਮਕਲੀ ਕਾ ਰਾਗੁ ਅੰਗੀਕਾਰ ਕੀਆ ਹੈ । ਅਰੁ ਹਮਾਰੇ ਸਭ ਹੀ ਰਾਗ ਹੈਂ ॥ ਪਰ ਏਹ ਪੀਰ ਆਸਾ ਵੰਤੁ ਆਇਆ ਹੈ । ਸੋ ਆਸਾ ਕੇ ਰਾਗੁ ਵਿਚ ਵਾਰ ਸੁਣਾਵਹੁ ॥

(ਹਥ ਲਿਖਤੀ ਗਿਆਨ ਰਤਨਾਵਲੀ)
(ਪੰਨਾ ੩੦-੩੧)

---

*ਗੁਰੂ ਨਾਨਕ ਜੀ ਵਲੋਂ ਮਰਦਾਨੇ ਨੂੰ ਵਾਰ ਸੁਨਾਉਣ ਲਈ ਹੁਕਮ ਮਿਲਣਾ ਇਹ ਸਿਧ ਕਰਦਾ ਹੈ ਕਿ 'ਆਸਾ ਦੀ ਵਾਰ' ਸ਼ੇਖ ਬ੍ਰਹਮ ਨੂੰ ਮਿਲਣ ਤੋਂ ਪਹਿਲਾਂ ਰਚੀ ਜਾ ਚੁਕੀ ਸੀ । ਇਥੇ ਆਸਾ ਰਾਗ ਵਿਚ ਇਸ ਬਾਣੀ ਨੂੰ ਪਹਿਲੀ ਵਾਰ ਗਾਇਨ ਕੀਤਾ ਗਿਆ ਸੀ ।



www.AKJ.Org

ਭਾਈ ਮਨੀ ਸਿੰਘ ਜੀ ਨੇ ੧੫ ਸਲੋਕ ਪਉੜੀਆਂ ਦੂਨੀ ਚੰਦ ਦੇ ਪ੍ਰਥਾਇ ਉਚਾਰੇ ਜਾਣ ਦਾ ਕੋਈ ਜ਼ਿਕਰ ਨਹੀਂ ਕੀਤਾ ਫਿਰ, ਨਉਵੀਂ ਪਉੜੀ ਦੇ ਅਰਥਾਂ ਮਗਰੋਂ ਗੁਰੂ ਬਾਬੇ ਅਤੇ ਸ਼ੇਖ-ਬ੍ਰਹਮ ਦੀ ਗੋਸ਼ਟੀ ਦੇ ਅੰਤਲੇ ਅਖਰ ਇਹ ਪ੍ਰਗਟ ਕਰਦੇ ਹਨ ਕਿ ਪੀਰ ਗੁਰੂ ਜੀ ਪਾਸੋਂ ਵਿਦਾ ਹੋ ਗਿਆ ਅਤੇ ਗੁਰਦੇਵ ਜੀ ਮਰਦਾਨੇ ਨੂੰ ਨਾਲ ਲੈ ਕੇ ਤਲਵੰਡੀ ਦੇ ਇਕ ਬਾਗ ਵਿਚ ਜਾ ਬੈਠੇ :—

"ਤਾਂ ਪੀਰ ਕਹਿਆ ਮੈ ਵਿਦਾ ਹੋਤਾ ਹੋ ॥ ਮੁਝੇ ਆਪਣਾ ਸਿਖ ਜਾਣ ਕੇ ਫਰ ਭੀ ਦਰਸ਼ਨ ਦੇਵਣਾ ॥ ਤਾ ਬਾਬੇ ਕਹਿਆ ਅਖੀ ਮੀਟ ਤਾਂ ਮਰਦਾਨੇ ਅਖੀ ਮੀਟ ਕੇ ਖੋਲੀਆ ਤਾਂ ਕਿਆ ਵੇਖੇ ਜੋ ਤਿਲਵੰਡੀ ਕੇ ਬਾਗ ਮੈ ਬੈਠੇ ਹਾਂ ॥ ਤਾਂ ਬਾਬਾ ਸੰਤਾ ਸੰਗਤਿ ਕਰੇ ॥ ਬਾਬਾ ਬਰਸਾਂ ਨਵਾ ਕਾ ਹੂਆ ॥ ਲੋਕਾਂ ਕਹਿਆ ਕਾਲੂ ਤੂੰ ਪੁਤ੍ਰ ਨੂੰ ਜਗਿਉ ਪਵੀਤ ਪਵਾਇ ॥ ਕੁਛੁ ਕਰਮ ਧਰਮ ਮਤਿ ਸਿਖੇ ਜੇ ਇਸ ਕਾ ਮਨੁ ਠਹਿਰੇ ॥ ਤਾ ਇਕ ਦਿਨ ਰਾਇ ਬੁਲਾਰ ਰਾਇ ਭੋਇ ਦਾ ਪੁਤ੍ਰ ਸੀ ॥ ਉਸ ਨੇ ਬਾਬੇ ਨੂੰ ਸਦਿਆ ਉਸ ਕਹਿਆ ਜੋ ਤੂੰ ਅਸਾ-ਦੀ ਕੰਮਦਾਰੀ ਲੈ ॥ ਤਾਂ ਬਾਬੇ ਕਹਿਆ ਅਸੀਂ ਸਚੇ ਸਾਈ ਦੀ ਕੰਮਦਾਰੀ ਲਗੇ ਹੋਇ ਹਾਂ ॥ ਅਸਾਥੋਂ ਕੂੜਿਆਂ ਰਾਜਿਆਂ ਦੀਆਂ ਕੰਮਦਾਰੀਆਂ ਨਹੀਂ ਹੁੰਦੀਆਂ ॥ ਤਾਂ ਬਾਬੇ ਸਲੋਕ ਕਹਿਆ :-

ਕੂੜੁ ਰਾਜਾ ਕੂੜੁ ਪਰਜਾ ਕੂੜੁ ਸਭੁ ਸੰਸਾਰੁ ॥"

(ਹਥ ਲਿਖਤੀ ਗਿਆਨ ਰਤਨਾਵਲੀ)

(ਪੰ: ੪੪)

ਭਾਈ ਵੀਰ ਸਿੰਘ ਜੀ ਨੇ ਪੰਜ ਗ੍ਰੰਥੀ ਸਟੀਕ ਵਿੱਚ ਪੁਰਾਤਨ ਜਨਮ ਸਾਖੀ ਦੇ ਅਧਾਰ ਤੇ ਦੋ ਪੌਉੜੀਆਂ ਸ਼ੇਖਬ੍ਰਹਮ ਪ੍ਰਤੀ ਅਤੇ ੧੫ ਪਉੜੀ-ਆਂ ਦੂਨੀ ਚੰਦ ਧੁਪੜ ਪ੍ਰਥਾਇ ਉਚਾਰੀਆਂ ਮੰਨੀਆ ਹਨ । ਭਾਈ ਸਹਿਬ ਨੇ ਇਸ ਵਾਰ ਦੀ ੯ਵੀਂ ਪਉੜੀ ਵਿਚ ਆਏ "ਢਾਢੀ" ਪੱਦ ਨੂੰ ਮੁਖ ਰਖ ਕੇ ਆਪਣੇ ਵਲੋਂ ਹੇਠ ਲਿਖੇ ਅਖਰ ਲਿਖੇ ਹਨ :—

"ਢਾਢੀ ਪਦ ਦਾ ਇਸ ਵਿਚ ਹੋਣਾ ਤੇ ਮਜਮੂਨ ਦਾ ਭਾਵ ਕੁਛ ਸਮਾਪਤੀ ਦਾ ਸੂਚਕ ਭਾਸਦਾ ਹੈ। ਵਾਹਿਗੁਰੂ ਦੇ ਗੁਣ ਗਾਇਨ ਕਰਦੇ ਗੁਰੂ ਜੀ ਆਪ ਨੂੰ ਢਾਢੀ ਕਿਹਾ ਕਰਦੇ ਸਨ।"

(ਪੰਨਾ ੪੨੭)

ਭਾਈ ਵੀਰ ਸਿੰਘ ਜੀ ਦੀ ਉਪ੍ਰੋਕਤ ਦਲੀਲ ਵੀਚਾਰ ਦੀ ਕਸਵਟੀ ਤੋਂ ਪੂਰੀ ਨਹੀਂ ਉਤਰਦੀ। ਇਸ ਵਿਚ ਸ਼ੱਕ ਨਹੀਂ ਕਿ ਗੁਰਬਾਣੀ ਵਿਚ ਹੋਰ ਕਈ ਸਲੋਕਾਂ ਤੇ ਪਉੜੀਆਂ ਵਿੱਚ ਪੱਦ ਦੀ ਵਰਤੋਂ ਕੀਤੀ ਹੋਈ ਮਿਲਦੀ ਹੈ ਪਰ ਉਥੇ 'ਢਾਡੀ' ਪਦ ਮਜ਼ਮੂਨ ਦੀ ਸਮਾਪਤੀ ਦਾ ਸੂਚਕ ਨਹੀਂ ਹੈ। ਵੇਖੋ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪੰਨੇ, ੯੧ ੧੪੮, ੧੫੦, ੫੧੦, ੫੧੬, ੬੪੯, ੧੯੦, ੯੬੨, ੧੦੯੭, ਅਤੇ ੧੨੯੬।

ਪੁਰਾਤਨ ਜਨਮ ਸਾਖੀ ਵਿੱਚ ਸ਼ੇਖ ਬ੍ਰਹਮ ਵਾਲੀ ਸਾਖੀ ਤੋਂ ਮਗਰੋਂ ਕੁਝ ਸਾਖੀਆਂ ਛਡ ਕੇ 'ਦੂਨੀ ਚੰਦ' ਵਾਲੀ ਸਾਖੀ ਦਰਜ ਹੈ । ਜੇ ਇਨ੍ਹਾਂ ਸਾਖੀਆਂ ਨੂੰ ਮੁਖ ਰਖੀਏ ਤਾਂ ਇਹ ਸਿੱਟਾ ਨਿਕਲਦਾ ਹੈ ਕਿ ਪਹਿਲਾਂ 'ਆਸਾ ਦੀ ਵਾਰ' ੯ ਪਉੜੀਆਂ ਤਕ ਅਧੂਰੀ ਰਹੀ ਅਤੇ ਫੇਰ ਦੂਨੀ ਚੰਦ ਪ੍ਰਥਾਏ ੧੫ ਪਉੜੀਆਂ ਉਚਾਰਨ ਮਗਰੋਂ ਸੰਪੂਰਨ ਹੋਈ। ਇਹਨਾਂ ਸਾਖੀਆਂ ਤੋਂ ਇਹ ਭੁਲੇਖਾ ਵੀ ਲਗਦਾ ਹੈ ਕਿ 'ਆਸਾ ਦੀ ਵਾਰ' ਦਾ ਮੂਲ ਰੂਪ ਪਉੜੀਆਂ ਨਹੀਂ ਸੀ, ਸਲੋਕ ਵੀ ਲਗੇ ਹੋਏ ਸਨ ਪਰ ਖੋਜ ਦੀ ਕਸਵਟੀ ਤੇ ਇਹ ਗਲ ਠੀਕ



www.AKJ.Org

ਨਹੀਂ ਜਾਪਦੀ ਕਿਉਂਕਿ ਵਾਰ ਦਾ ਪੁਰਾਤਨ ਰੂਪ 'ਪਉੜੀ' ਸੀ, ਸਲੋਕ ਪਿਛੋਂ ਪ੍ਰਚਲਤ ਹੋਏ ਹਨ। ਨਉਵੀਂ ਪਉੜੀ ਦੀ ਅੰਤਲੀ ਪੰਕਤੀ "ਤਿਨ ਮੰਗਾ ਜਿ ਤੁਝੈ ਧਿਆਇਦੇ" ਅਤੇ ਦਸਵੀਂ ਪਉੜੀ ਦੀਆਂ ਆਰੰਭਕ ਪੰਕਤੀਆਂ ਦਾ ਵਿਸ਼ਾ ਵਸਤੂ "ਦਾਨੁ ਮਹਿੰਡਾ ਤਲੀ ਖਾਕੁ ਜੇ ਮਿਲੈ ਤ ਮਸਤਕਿ ਲਾਈਐ ॥...॥ ਜੇ ਹੋਵੈ ਪੂਰਬਿ ਲਿਖਿਆ ਤਾ ਧੂੜਿ ਤਿਨ੍ਹਾਂ ਦੀ ਪਾਈਐ" ਇਕ ਦੂਜੇ ਨਾਲ ਇਸ ਤਰ੍ਹਾਂ ਪਿਉਂਦ ਕੀਤਾ ਹੋਇਆ ਹੈ ਕਿ ਇਕ ਪਉੜੀ ਦੂਜੀ ਨਾਲੋਂ ਵਖਰੇ ਕਰਨਾ ਓਪਰਾ ਜਿਹਾ ਭਾਸਦਾ ਹੈ। ਇਕੋ ਆਸ਼ੇ ਦੀ ਪ੍ਰੋਤੀ ਹੋਈ ਲੜੀ ਤੋੜਨਾ ਕੇਵਲ ਪਾਠਕਾਂ ਤੇ ਸ੍ਰੋਤਿਆਂ ਨਾਲ ਹੀ ਧੱਕਾ ਕਰਨਾ ਨਹੀਂ, ਸਗੋਂ ਗੁਰੂ ਨਾਨਕ ਸ਼ਾਇਰ ਨਾਲ ਵੀ ਅਨਿਆਂ ਕਰਨ ਵਾਲੀ ਗਲ ਹੈ। ਇਸ ਵਾਰ ਦੀ ਅਰੰਭਕ ਪਉੜੀ "ਆਪੀਨੈ ਆਪ ਸਾਜਿਓ ਆਪੀਨੈ ਰਚਿਓ ਨਾਉਂ" ਅਤੇ ਅੰਤਮ ਪਉੜੀ "ਸੋ ਕਰੇ ਜਿ ਤਿਸੈ ਰਜਾਇ" ਦੇ ਜੁੜਵੇਂ ਭਾਵਾਂ ਤੋਂ ਇਉਂ ਅਨੁਭਵ ਹੁੰਦਾ ਹੈ ਕਿ ਗੁਰੂ ਨਾਨਕ ਦੇਵ ਜੀ ਨੇ ਸੰਪੂਰਨ ਆਸਾ ਕੀ ਵਾਰ ਦੀ ਰਚਨਾ 'ਇਕ ਓਅੰਕਾਰ, ਦੀ ਸ਼ਕਤੀ ਦਾ ਵਰਨਣ ਅਤੇ ਪ੍ਰੇਮਾ ਭਗਤੀ ਦਾ ਪ੍ਰਚਾਰ ਕਰਨ ਲਈ ਕੀਤੀ ਹੈ। ਇਹ ਇਕ ਮੰਨੀ ਹੋਈ ਸਚਾਈ ਹੈ ਕਿ ਗੁਰੂ ਨਾਨਕ ਦੇਵ ਜੀ ਧੁਰੋਂ ਆਈ ਬਾਣੀ ਨੂੰ ਪੋਥੀ ਦੇ ਰੂਪ ਵਿੱਚ ਆਪਣੇ ਕੋਲ ਰਖਦੇ ਹੁੰਦੇ ਸਨ। ਜਦੋਂ ਅਕਾਸ਼ੀ ਮੰਡਲਾਂ ਵਿਚੋਂ ਉਤਰਦੀ ਸੀ ਮਰਦਾਨੇ ਨੂੰ ਆਖਦੇ ਹੁੰਦੇ ਸਨ ਮਰਦਾਨਿਆ! ਰਬਾਬ ਵਜਾਇ! ਬਾਣੀ ਆਈ ਊ। ਫਿਰ ਵਿਸਮਾਦਕ ਰੰਗਾਂ ਵਿਚ ਗਾਇਨ ਕਰਦੇ ਹੁੰਦੇ ਸਨ। ਸੰਭਵ ਹੈ ਕਿ ਇਹ ਬਾਣੀ ਗੁਰਦੇਵ ਜੀ ਨੇ ਸ਼ੇਖ ਬ੍ਰਹਮ ਅਤੇ ਦੁਨੀ ਚੰਦ ਦੀ ਮਿਲਣੀ ਤੋਂ ਪਹਿਲਾਂ ਹੀ ਰਚੀ ਹੋਵੇ ਅਤੇ ਉਨ੍ਹਾਂ ਇਹ ਵਾਰ ਸੁਣਾ ਕ ਉਪਦੇਸ਼ ਦਿਤਾ ਹੋਵੇ ਕਿਉਂਕਿ ਉਚਾਰਨ ਤੇ ਪ੍ਰਚਾਰਨ ਵਿਚ ਬਹੁਤ ਫਰਕ ਹੁੰਦਾ ਹੈ।

'ਪੁਰਾਤਨ ਜਨਮ ਸਾਖੀ' ਤੇ 'ਗਿਆਨ ਰਤਨਾਵਲੀ' ਦੇ ਗ੍ਰੰਥਾਂ ਦੀ ਇਸ ਗਲ ਵਿਚ ਸੰਮਤੀ ਹੈ ਕਿ ਗੁਰੂ ਨਾਨਕ ਦੇਵ ਜੀ ਜਦੋਂ ਪਾਕ ਪਟਨ ਦੀ ਯਾਤਰਾ ਕਰਨ ਗਏ, ਉਸ ਸ਼ਹਿਰ ਦੇ ਕੋਸ ਭਰ ਬਾਹਰਵਾਰ ਪਹਿਲਾਂ ਸ਼ੇਖ ਕਮਾਲ (ਮੁਰੀਦ) ਦਾ ਮਿਲਾਪ ਹੋਇਆ ਤੇ ਉਸਨੇ ਆਪਣੇ ਪੀਰ ਸ਼ੇਖ ਬ੍ਰਹਮ ਨੂੰ ਗੁਰੂ ਨਾਨਕ ਦੇਵ ਜੀ ਦੀ ਦਸ ਪਾਈ ਤਾਂ ਉਸ ਦਾ ਪੀਰ ਸ਼ੇਖ ਬ੍ਰਹਮ ਗੋਸ਼ਟੀ ਕਰਨ ਲਈ ਆਇਆ। ਉਸ ਸਾਰੀ ਗੋਸ਼ਟੀ ਦਾ ਮੂਲ ਹੇਠ ਲਿਖਿਆ ਸਲੋਕ ਹੈ :—

ਆਪੇ ਪਟੀ ਕਲਮ ਆਪ, ਉਪਰਿ ਲੇਖ ਭੀ ਤੂੰ।
ਏਕੋ ਕਹੀਅ ਨਾਨਕਾ, ਦੂਜਾ ਕਾਹੇ ਕੂ ॥"

ਇਸ ਵਾਰ ਦੀ ਰਚਨਾ ਬਾਰੇ ਇਹ ਗਲ ਮੰਨਣਯੋਗ ਹੈ ਕਿ ਗੁਰੂ ਨਾਨਕ ਦੇਵ ਜੀ ਨੇ ਇਸ ਵਾਰ ਦੀ ਰਚਨਾ ਇਕੋ ਸਮੇਂ ਇਕੋ ਥਾਂ ਤੇ ਕੀਤੀ ਹੋਵੇਗੀ ਅਤੇ ਸੰਭਵ ਹੈ ਕਿ ਉਹ ਅਸਥਾਨ ਪਾਕਪਟਨ ਹੀ ਹੋਵੇ ਕਿਉਂਕਿ ਸਮੁਚੇ ਤੌਰ ਤੇ ਇਸ ਵਾਰ ਅੰਦਰ ਉਪ੍ਰੋਕਤ ਸਲੋਕ ਦੀ ਵਿਆਖਿਆ ਕੀਤੀ ਗਈ ਹੈ। ਜੇ ਪਾਕਪਟਨ ਨੂੰ ਇਸ ਵਾਰ ਦੇ ਰਚਨਾ ਦਾ ਅਸਥਾਨ ਮੰਨਣ ਵਿਚ ਕੁਝ ਸ਼ੰਕਾ ਭਾਸਦੀ ਹੋਵੇ ਤਾਂ ਘਟੋ ਘਟ ਇਹ ਗਲ ਆਖਣ ਵਿਚ ਕੋਈ ਝਿੱਜਕ ਨਹੀਂ ਹੋਣੀ ਚਾਹੀਦੀ ਕਿ ਗੁਰਦੇਵ ਜੀ ਨੇ ਇਸ ਵਾਰ ਦਾ ਪਹਿਲਾ ਕੀਰਤਨ ਆਸਾ ਰਾਗ ਅੰਦਰ ਪਾਕ ਪਟਨ ਵਿੱਚ ਕੀਤਾ।

ਇਸ ਵਾਰ ਦੇ ਸਲੋਕ ਵਖੋ ਵਖ ਭਾਵਾਂ ਦੇ ਹਨ ਅਤੇ ਕਈ ਵਿਅਕਤੀਆਂ ਦੇ ਪ੍ਰਥਾਇ ਉਚਾਰੇ



www.AKJ.Org

ਗਏ ਹੋਣਗੇ । ਇਸ ਲਈ ਸਲੋਕਾਂ ਨੂੰ ਕੇਵਲ ਸ਼ੇਖ ਬ੍ਰਹਮ ਅਤੇ ਦੂਨੀ ਚੰਦ ਧੁਪੜ ਨਾਲ ਸੰਬੰਧਤ ਕਰਨਾ ਠੀਕ ਨਹੀਂ ਜਾਪਦਾ । ਇਸ ਬਾਣੀ ਦੁਆਰਾ ਗੁਰੂ ਬਾਬੇ ਨੇ ਵਿਸ਼ਵ ਭਰ ਦਾ ਸੁਧਾਰ ਤੇ ਉਧਾਰ ਕੀਤਾ । ਕਰਮ ਧਰਮ ਅਤੇ ਪਖੰਡ ਦੀ ਗਿਲਾਨੀ ਨੂੰ ਹਟਾਇਆ । ਮਨੁਖੀ ਸਮਾਜ ਵਿਚ ਆਤਮਕ ਜਾਗ੍ਰਤੀ ਲਿਆਂਦੀ । ਇਸ ਲਈ ਇਸ ਵਾਰ ਦਾ ਸਰਬ ਪਖੀ ਅਧਿਐਨ ਕਰਨਾ ਚਾਹੀਦਾ ਹੈ ।

ਜਿਥੋਂ ਤੀਕ ਇਸ ਵਾਰ ਦੇ ਰਚਨ-ਕਾਲ ਦਾ ਸਬੰਧ ਹੈ, ਠੀਕ ਸਮਾਂ ਨਿਸਚਿਤ ਕਰਨਾ ਔਖਾ ਹੈ । ਹਾਂ, ਇਸ ਬਾਣੀ ਦਾ ਪ੍ਰਕਾਸ਼ ਸ਼ੇਖ ਬ੍ਰਹਮ ਦੀ ਗੋਸ਼ਟੀ ਨਾਲ ਹੋਣਾ ਇਸ ਪ੍ਰਸ਼ਨ ਨੂੰ ਹਲ ਕਰਨ ਵਿਚ ਸਹਾਇਕ ਹੋ ਸਕਦਾ ਹੈ । ਸ਼ੇਖ ਬ੍ਰਹਮ, ਬਾਬਾ ਸ਼ੇਖ ਫਰੀਦ ਜੀ ਦੀ ਬੰਸਾਵਲੀ ਵਿਚੋਂ ਸਨ ਅਤੇ ਇਸ ਗੋਸ਼ਟੀ ਵੇਲੇ ਉਸ ਗਦੀ ਤੇ ਬੈਠੇ ਹਏ ਸਨ । ਇਸ ਗਲ ਦੀ ਪੁਸ਼ਟੀ ਸਾਡਾ ਇਤਿਹਾਸ ਵੀ ਕਰਦਾ ਹੈ :—

ਸ਼ੇਖ ਫਰੀਦ ਪਟਨ ਹੈ ਜਹਿੰਵਾ ।
ਸ਼ੇਖ ਬ੍ਰਹਮ ਤਬ ਬਸ ਹੀ ਤਹਿੰਵਾ ॥
(ਨਾਨਕ ਪ੍ਰਕਾਸ਼)

ਇਸ ਤਰ੍ਹਾਂ ਇਤਿਹਾਸਕ ਖੋਜੀਆਂ ਨੇ ਉਪ੍ਰੋਕਤ ਗੋਸ਼ਟੀ ਦਾ ਸਮਾਂ ਸੰ: ੧੫੧੮ ਮਿਥਿਆ ਹੈ । ਇਸ ਲਈ ਆਸਾ ਦੀ ਵਾਰ ਦਾ ਰਚਨਕਾਲ ਲਗ ਪਗ ਇਹੋ ਠੀਕ ਜਾਪਦਾ ਹੈ ।

## ਰੂਪ ਤੇ ਬਣਤਰ

ਇਹ ਵਾਰ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਮਹਾਨ ਰਚਨਾ ਹੈ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪੰਨਾ ੪੬੨-੭੫ ਉਤੇ ਦਰਜ ਹੈ
ਇਸ ਵਾਰ ਦਾ ਸੁੰਦਰ ਰੂਪ "ਆਪੀਨੈ ਆਪੁ ਸਾਜਿਓ ਆਪੀਨੈ ਰਚਿਓ ਨਾਉ" ਤੋਂ ਨਿਖਰ ਕੇ :"ਸੋ ਕਰੇ ਜਿ ਤਿਸੇ ਰਜਾਇ" ਵਿਚ ਸਮਾ ਜਾਂਦਾ ਹੈ। ਇਸ ਵਾਰ ਵਿਚ ਕੁੱਲ ੫੯ ਸਲੋਕ ਹਨ ਜਿਨ੍ਹਾਂ ਵਿਚੋਂ ੪੪ ਸਲੋਕ ਗੁਰੂ ਨਾਨਕ ਜੀ ਦੇ ਆਪਣੇ ਰਚੇ ਹੋਏ ਅਤੇ ੧੫ ਸਲੋਕ ਗੁਰੂ ਅੰਗਦ ਦੇਵ ਜੀ ਦੇ ਰਚਿਤ ਹਨ । ਇਸ ਵਾਰ ਦੀਆਂ ੨੪ ਪਉੜੀਆਂ ਹਨ ਜੋ ਗੁਰੂ ਨਾਨਕ ਦੇਵ ਜੀ ਦੀਆਂ ਰਚੀਆਂ ਹੋਈਆਂ ਹਨ ।

ਪਉੜੀ ਹੀ ਵਾਰ ਦਾ ਆਦਿਲਾ (ਮੁੱਢਲਾ) ਰੂਪ ਹੈ । ਇਸ ਵਾਰ ਨਾਲ ਸਲੋਕ ਅਤੇ "ਟੁੰਡੇ ਅਸ ਰਾਜੇ ਕੀ ਧੁਨੀ" ਵਾਲਾ ਸਿਰਲੇਖ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਵਨ ਬੀੜ ਦੀ ਸੰਪਾਦਨਾ ਸਮੇਂ ਭਾਈ ਗੁਰਦਾਸ ਜੀ ਲਿਖਾਰੀ ਪਾਸੋਂ ਅੰਕਿਤ ਕਰਵਾਇਆ । ਇਸ ਵਾਰ ਵਿਚ ਸਲੋਕਾਂ ਦੀ ਤਰਤੀਬ ਇਕੋਜਿਹੀਨਹੀਂ ਕਿਸੇਪਉੜੀਨਾਲਘਟਅਤੇਕਿਸੇਪਉੜੀਨਾਲਵਧਸਲੋਕ ਲਗੇ ਹੋਏ ਹਨ ਕਾਵਿਕਲਾਅਨੁਸਾਰ ਇਸ ਵਾਰ ਦੀ ਬਣਤਰ ਕਿਸੇ ਬੰਦਸ਼ ਵਿਚ ਨਹੀਂ ਇਸ ਲਈ ਇਸ ਨੂੰ ਪ੍ਰਬੰਧ-ਕਾਵਿ ਨਹੀਂ ਮੰਨਿਆ ਜਾ ਸਕਦਾ। ਸਲੋਕਾਂ ਦਾ ਪਉੜੀਆਂ ਨਾਲ ਸਿੱਧਾ ਕੋਈ ਸਬੰਧ ਨਹੀਂ । ਸਲੋਕਾਂ ਦੇ ਪਉੜੀਆਂ ਦੇ ਕੇਂਦਰੀ ਭਾਵ ਵਿੱਚ ਭਾਵੇਂ ਏਕਤਾ ਹੋਵੇ ਪਰ ਪਉੜੀਆਂ ਤੇ ਸਲੋਕਾਂ ਦਾ ਵਿਸ਼ਾ ਵਸਤੂ ਸੁਤੰਤਰ ਹੈ । ਗੁਰਦੇਵ ਜੀ ਨੇ ਸਮਾਜਕ ਕੁਰੀਤੀਆਂ ਦਾ ਵਰਨਣ ਸਲੋਕਾਂ ਵਿੱਚ ਕੀਤਾ ਹੈ, ਪਉੜੀਆਂ ਵਿਚ ਨਹੀਂ । ਪਉੜੀਆਂ ਵਾਰ ਦਾ ਪੁਰਾਤਨ ਮੂਲ ਹਨ । ਉਨ੍ਹਾਂ ਵਿਚ ਕੇਵਲ ਅਕਾਲ ਪੁਰਖ ਦੀਆਂ ਸਿਫਤਾਂ ਅਤੇ ਉਸ ਦੇ ਪਿਆਰਿਆਂ ਦੀ ਵਡਿਆਈ ਅਤੇ ਜਸ ਨੂੰ ਨਿਰੂਪਣ ਕੀਤਾ ਗਿਆ ਹੈ । ਕਈ ਥਾਵਾਂ ਤੇ ਜੀਵ ਰੂਪੀ ਜਗਿਆਸੂਆਂ ਨੂੰ ਉਪਦੇਸ਼ ਦਿੱਤਾ ਗਿਆ ਹੈ । ਪਉੜੀਆਂ ਵਿਚ ਭਾਵ ਅਤੇ ਅੰਕਾਂ ਦੀ ਏਕਤਾ ਹੈ ।



www.AKJ.Org

ਸਲੋਕਾਂ ਅਤੇ ਪਉੜੀਆਂ ਦੀਆਂ ਮਾਤਰਾਂ ਦਾ ਤੋਲ ਹੇਠ ਲਿਖੇ ਅਨੁਸਾਰ ਹੈ :—

ਪਉੜੀਆਂ—ਆਮ ਸਾਢੇ ਚਾਰ ਤੁਕਾਂ ਦੀਆਂ ਪਰ ਕਈ ਪਉੜੀਆਂ ਘਟ ਵਧ ਤੁਕਾਂ ਦੀਆਂ ਵੀ ਹਨ । ਮਾਤਰਾਂ ਦੀ ਗਿਣਤੀ ੨੪, ੨੮ ਅਤੇ ੩੦ਤਕ ਹੈ ।

ਸਲੋਕ—ਇਨ੍ਹਾਂ ਵਿਚ ਦੋਹਰਾ ਤੇ ਚੌਪਈ ਵਾਲੀ ਮਾਤਰਾਂ ਦੀ ਮਿਣਤੀ ਮਿਲਦੀ ਹੈ। ਵਾਰ ਦੀ ਬੋਲੀ ਟਕਸਾਲੀ ਪੰਜਾਬੀ ਹੈ। ਫਾਰਸੀ, ਅਰਬੀ, ਸੰਸਕ੍ਰਿਤ, ਹਿੰਦੀ, ਸਮੂਹ ਬੋਲੀਆਂ ਦੇ ਸ਼ਬਦਾਂ ਦੀ ਵਰਤੋਂ ਇਸ ਵਾਰ ਵਿਚ ਮਿਲਦੀ ਹੈ। ਸਾਧ ਭਾਸ਼ਾ ਦੀ ਝਲਕ ਕਈ ਸਲੋਕਾਂ ਵਿਚੋਂ ਭਾਅ ਮਾਰਦੀ ਹੈ। ਇਸ ਵਾਰ ਵਿਚ ਹਾਸਰਸ ਕਰੁਣਾਰਸ, ਬੀਰਰਸ ਦਾ ਅੰਸ਼ ਮੌਜੂਦ ਹੈ। ਸਰਲਤਾ, ਸਾਦਗੀ ਤੇ ਕਾਵਿਕਲਾ ਦਾ ਵੇਗ ਬਹੁਤ ਤਿਖਾ ਹੈ ਭਾਵ ਆਪ ਮੁਹਾਰੇ ਹੀ ਸਾਰੀ ਸ਼ਬਦਾਵਲੀ ਵਿਚੋਂ ਸੰਜਮ ਅਤੇ ਸੰਖੇਪਤਾ ਵਾਲੇ ਗੁਣ ਠਾਠਾਂ ਮਾਰਦੇ ਹਨ ।

ਇਹ ਵਾਰ ਨਿਰਾਸ਼ਾਵਾਦੀ ਜੀਵਾਂ ਨੂੰ ਆਸ਼ਾ ਵਾਦੀ ਬਣਨ ਦਾ ਤੁਨੇਹਾ ਦਿੰਦੀ ਹੈ। ਇਸ ਵਿਚ ਵਖ ਵਖ ਧਰਮਾਂ ਦੇ ਭਾਵਾਂ ਨੂੰ ਉਜਾਗਰ ਕਰਕੇ ਇਕੋ ਇਕ ਸੱਚ ਸਰੂਪ ਦਾ ਦਰਸ਼ਨ ਕਰਾਇਆ ਗਿਆ ਹੈ। ਮਨੁਖੀ ਸਮਾਜ ਨੂੰ ਸੁਧਾਰਨ ਲਈ ਲੋੜੀਂਦੇ ਰੂਪਕ ਅਲੰਕਾਰਾਂ ਅਤੇ ਪੰਜਾਬੀ ਮੁਹਾਵਰਿਆਂ ਦੀ ਵਰਤੋਂ ਵੀ ਕੀਤੀ ਗਈ ਹੈ ਜਿਵੇਂ—

੧. ਘੜੀਆ ਸਭੇ ਗੋਪੀਆ, ਪਹਰ ਕੰਨ੍ ਗੋਪਾਲ ॥

੨. ਅੰਨ ਨ ਖਾਇਆ, ਸਾਦ ਗਵਾਇਆ

੩. ਮਿਠਤ ਨੀਵੀਂ ਨਾਨਕਾ, ਗੁਣ ਚੰਗਿਆਈਆਂ ਤਤੁ ॥

੪. ਸਲਾਮੁ ਜਬਾਬੁ ਦੋਵੈ ਕਰੇ ਮੁੰਢਹੁ ਘੁਥਾ ਜਾਇ ।

ਇਸ ਵਾਰ ਵਿਚ ਸੁਰਤਿਆਂ ਨੂੰ ਜੋੜਨ ਲਈ ਗੁਰੂ ਰਾਮ ਦਾਸ ਜੀ ਦੇ ਉਚਾਰਨ ਕੀਤੇ ਹੋਏ ੨੪ ਛੰਤ ਆਸਾ ਰਾਗ ਵਿਚ ਦਰਜ ਹਨ। ਇਕ ਇਕ ਪਉੜੀ ਨਾਲ ਇਕ ਇਕ ਛੰਤ ਗਾਇਨ ਕਰਨ ਦੀ ਮਰਯਾਦਾ ਨੂੰ ਪੰਥ ਵਿਚ ਪ੍ਰਚਲਤ ਕੀਤਾ ਗਿਆ। ਜਿਸ ਦਾ ਪ੍ਰਤੱਖ ਨਮੂਨਾ ਸਾਡੇ ਸਾਹਮਣੇ ਹਰਿਮੰਦਰ ਸਾਹਿਬ ਅੰਮ੍ਰਿਤਸਰ ਹੈ। ਗੁਰਸਿਖ ਜੀਊੜੇ ਹੁਣ ਤੀਕ ਇਸ ਨਾਮ ਰੂਪੀ ਅੰਮ੍ਰਿਤ ਸਰੋਵਰ ਵਿੱਚ ਇਸ ਦੇ ਆਲੇ ਦੁਆਲੇ ਪ੍ਰਕਰਮਾਂ ਵਿੱਚ ਚੌਂਕੜੇ ਮਾਰ ਕੇ ਇਸ ਸੁੰਦਰ ਬਾਣੀ ਦਾ ਅਖੰਡ ਕੀਰਤਨ ਸੁਣ ਕੇ ਗਦ ਗਦ ਹੁੰਦੇ ਹਨ ਜਿਸ ਦਾ ਭੋਗ ਸੂਰਜ ਦੀ ਟਿਕੀ ਨਿਕਲਣ ਦੇ ਨਾਲ ਪੈ ਜਾਂਦਾ ਹੈ।

---

*ਅਜ ਕਲ ਪੁਰਾਤਨ ਮਰਯਾਦਾ ਨੂੰ ਕਈ ਗੁਰ ਅਸਥਾਨਾਂ ਤੇ ਭੰਗ ਕੀਤਾ ਜਾ ਰਿਹਾ ਹੈ। ਆਪਣੀ ਮਰਜ਼ੀ ਅਨੁਸਾਰ ਆਸਾ ਦੀ ਵਾਰ ਦੇ ਕਦੇ ੪, ਕਦੇ ੬ ਅਤੇ ਕਦੇ ੮ ਛੰਤ ਪੜ੍ਹ ਕੇ ਭੋਗ ਪਾ ਦਿਤਾ ਜਾਂਦਾ ਹੈ ਜੋ ਮਨ ਮਤ ਹੈ। ਗੁਰਦੁਆਰਿਆਂ ਦੇ ਪ੍ਰਬੰਧਕਾਂ ਨੂੰ ਇਸ ਪਾਸੇ ਖਾਸ ਧਿਆਨ ਦੇਣਾ ਚਾਹੀਦਾ ਹੈ ।



www.AKJ.Org

# ਕੀਰਤਨ—ਵਿਸ਼ੇਸ਼ਤਾ

*ਕਿਵੇਂ ?*

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ੨੨ ਵਾਰਾਂ ਵਿਦਮਾਨ ਹਨ। ਬਾਕੀ ਸਭ ਵਾਰਾਂ ਨੂੰ ਛੱਡ ਕੇ ਕੇਵਲ 'ਆਸਾ ਦੀ ਵਾਰ' ਦਾ ਹਰ ਰੋਜ਼ ਕੀਰਤਨ ਹੋਣਾ ਕਈ ਪ੍ਰੇਮੀਆਂ ਨੂੰ ਸ਼ੱਕ ਵਿਚ ਪਾ ਦੇਂਦਾ ਹੈ ਕਿ ਬਾਕੀ ਵਾਰਾਂ ਗੁਰਬਾਣੀ ਨਹੀਂ ? ਕੀ ਉਨ੍ਹਾਂ ਵਿੱਚ ਧਾਰਮਿਕ ਉਪਦੇਸ਼ ਦੀ ਘਾਟ ਹੈ ? ਕਈ ਭੋਲੇ ਭਾਲੇ ਵੀਰਾਂ ਦੇ ਮਨਾਂ ਅੰਦਰ ਇਹ ਖਿਆਲ ਵੀ ਆਉਂਦਾ ਹੈ ਕਿ ਆਸਾ ਦੀ ਵਾਰ ਆਦਿ ਗੁਰੂ ਨਾਨਕ ਦੇਵ ਜੀ ਦੀ ਰਚਨਾ ਹੋਣ ਕਰਕੇ ਇਸ ਵਾਰ ਨੂੰ ਪ੍ਰਮੁਖਤਾ ਦਿਤੀ ਜਾਂਦੀ ਹੈ ਪਰ ਅਜਿਹੇ ਵੀਚਾਰ ਅਸਲੀਅਤ ਦੇ ਉਲਟ ਹਨ।

ਜੇ ਇਸ ਵਾਰ ਨੂੰ ਗੁਰੂ ਨਾਨਕ ਦੇਵ ਜੀ ਦੀ ਉਚਾਰੀ ਹੋਈ ਬਾਣੀ ਕਾਰਨ ਹਰ ਰੋਜ਼ ਪੜ੍ਹਨ ਦੀ ਪਰਪਾਟੀ ਚਲਾਈ ਗਈ ਹੁੰਦੀ ਤਾਂ ਗੁਰੂ ਨਾਨਕ ਦੇਵ ਜੀ ਦੀਆਂ ਦੋ ਹੋਰ ਵਾਰਾਂ ਵੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਮੌਜੂਦ ਸਨ, ਉਨ੍ਹਾਂ ਵਾਰਾਂ ਦਾ ਕੀਰਤਨ ਵੀ ਹਰ ਰੋਜ਼ ਅੰਮ੍ਰਿਤ ਵੇਲੇ ਗੁਰਦੁਆਰਿਆਂ ਵਿਚ ਕਰਵਾਇਆ ਜਾ ਸਕਦਾ ਸੀ ਪਰ ਏਦਾਂ ਨਾ ਹੀ ਗੁਰੂ ਕਾਲ ਵਿਚ ਹੋਇਆ ਅਤੇ ਨਾ ਹੀ ਹੁਣ ਖਾਲਸਾ ਪੰਥ ਦੀ ਹੋਂਦ ਵਿਚ ਹੋ ਰਿਹਾ ਹੈ। ਜੇ ਸੋਚੀਏ ਤਾਂ ਗੁਰੂ ਕਾਲ ਵਿਚ ਪੁਰਾਣੇ ਸਮਾਜ ਦਾ ਢਾਂਚਾ ਖੇਰੂੰ- ਖੇਰੂੰ ਹੋ ਚੁਕਾ ਸੀ ਅਤੇ ਉਸ ਦੇ ਸੁਧਾਰ ਹਿਤ ਅਜਿਹੀ ਬਾਣੀ ਜਿਸ ਵਿਚ ਨਿਤ-ਜੀਵਨ ਦੀਆਂ ਤਰੁਟੀਆਂ ਸਮਾਜਕ ਬੁਰਾਈਆਂ ਅਤੇ ਧਾਰਮਿਕ ਕੁਰੀਤੀਆਂ ਦਾ ਹਲ ਹੋਵੇ ਡਾਢੀ ਲੋੜ ਸੀ। ਉਸ ਸਮੇਂ ਦੀ ਹਿੰਦੂ ਜਨਤਾ ਤੇ ਬ੍ਰਾਹਮਣਵਾਦ ਦਾ ਵਧੇਰੇ ਪ੍ਰਭਾਵ ਸੀ ਜਦੋਂ ਕਿ ਮੁਸਲਮਾਨਾਂ ਦੇ ਦਿਲਾਂ ਵਿਚ ਮੁਗਲ ਰਾਜ ਦਾ ਹੰਕਾਰ ਅਤੇ ਸ਼ਰਈ ਕਾਜ਼ੀਆਂ ਦਾ ਜਜ਼ਬਾ ਭਰਿਆ ਹੋਇਆ ਸੀ। ਉਸ ਵਿਗੜੇ ਹੋਏ ਸਮਾਜਕ ਧਾਰਮਿਕ ਤੇ ਰਾਜਨੀਤਕ ਵਾਤਾ-ਵਰਨ ਨੂੰ ਠੀਕ ਕਰਨ ਲਈ ਗੁਰਦੇਵ ਜੀ ਨੇ ਸਾਰਾ ਲੋੜੀਂਦਾ ਗਿਆਨ ਤੇ ਉਪਦੇਸ਼ ਇਸ ਵਾਰ ਵਿਚ ਭਰ ਦਿੱਤਾ। ਇਸ ਲਈ ਵਿਅਕਤੀ ਗਤਿ ਪੂਜਾ, ਜਾਤਪਾਤ ਦੇ ਬੰਧਨ, ਜਨੇਊ, ਸੂਤਕ-ਪਾਤਕ ਸ਼ਰਾਬ, ਸੁਚ-ਭਿੱਟ, ਕੂੜ-ਸੱਚ, ਰਾਸਾਂ, ਮੂਰਤੀ ਪੂਜਾ, ਮੁਸਲਮਾਨੀ-ਸ਼ਰ੍ਹਾਂ ਸਰੀਅਤ ਆਦਿ ਵਿਸ਼ਿਆਂ ਤੇ ਹਰ ਪ੍ਰਕਾਰ ਦੀ ਵੀਚਾਰ ਤੇ ਤਤ-ਸਾਰ ਇਸ ਵਾਰ ਵਿੱਚ ਮਿਲਦੇ ਹਨ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਦਰਜ ਹੋਈਆਂ ਬਾਕੀ ਵਾਰਾਂ ਵਿਚ ਅਕਾਲ ਪੁਰਖ ਦੀ ਸਿਫਤ ਸਲਾਹ, ਨਾਮ ਜਪਣਾ, ਗੁਰਸਿਖੀ ਜੀਵਨ ਦੀ ਜੁਗਤੀ, ਭਗਤੀਮਾਰਗ ਦਾ ਅਪਰੋਖਸ਼ ਗਿਆਨ ਭਰਿਆ ਪਿਆ ਹੈ ਪਰ ਸਮਾਜਕ, ਭਾਈ ਚਾਰਕ ਅਤੇ ਰਾਜਨੀਤਕ ਸੁਧਾਰ ਲਈ ਜਿਤਨਾ ਵਿਸ਼ਾ-ਵਸਤੂ 'ਆਸਾ ਦੀ ਵਾਰ' ਵਿਚ ਹੈ ਹੋਰ ਕਿਸੇ ਵਾਰ ਵਿਚ ਨਹੀਂ ਮਿਲਦਾ। ਗੁਰੂ ਨਾਨਕ ਦੇਵ ਜੀ ਨੇ ਖੱਤ੍ਰੀ, ਬ੍ਰਾਹਮਣ, ਸੂਦ ਅਤੇ ਵੈਸ਼ ਸਭ ਵਰਨਾ ਨੂੰ ਇਕ ਪੱਧਰ ਤੇ ਲਿਆਉਣਾ ਸੀ। ਸਾਰਿਆਂ ਨੂੰ ਇਕ ਪੰਗਤ ਵਿਚ ਬੈਠਾਉਣਾ ਸੀ। ਇਸ ਭਾਵ ਦੀ ਪੂਰਤੀ ਲਈ ਆਪ ਜੀ ਨੇ ਧਰਮ ਸਾਲਾ, ਗੁਰਦੁਆਰੇ ਇਹੋ ਜਿਹੇ ਅਸਥਾਨ ਬਣ-ਵਾਏ ਜਿਥੇ ਹਰੇਕ ਧਰਮ ਦੇ ਲੋਕਾਂ ਨੂੰ ਇਕੱਠਾ



www.AKJ.Org

ਕਰਕੇ ਸਤਿ ਸਰੂਪ ਦਾ ਸਭ ਨੂੰ ਉਪਦੇਸ਼ ਦੇਣਾ ਸੀ। ਇਸਤ੍ਰੀ ਜਾਤੀ ਜਿਸ ਨੂੰ ਮਨੁੱਖ ਪੈਰ ਦੀ ਜੁਤੀ ਸਮਝਦਾ ਸੀ, ਉਸ ਨੂੰ ਵਡਿਆਕੇ ਸਮਾਜਕ ਸਮਾਨਤਾ ਪੈਦਾ ਕਰਨੀ ਸੀ। ਸੋ ਉਪ੍ਰੋਕਤ ਮਨੋਰਥ ਨੂੰ ਮੁਖ ਰਖ ਕੇ, ਲੋਕ-ਸੁਧਾਰ ਦੀ ਲਹਿਰ ਨੂੰ ਸਫਲ ਬਣਾਉਣ ਲਈ ਗੁਰਦੇਵ ਜੀ ਨੇ ਆਪਣੀ ਹੋਂਦ ਵਿਚ ਗੁਰੂ ਅੰਗਦ ਦੇਵ ਜੀ ਤਾਂਈ 'ਆਸਾ ਦੀ ਵਾਰ' ਦਾ ਨਿਤ ਅੰਮ੍ਰਿਤ ਵੇਲੇ ਕੀਰਤਨ ਕਰਨ ਦਾ ਆਦੇਸ਼ ਦਿਤਾ। ਪਰੰਪਰਾ ਤੋਂ ਚਲੀ ਆ ਰਹੀ ਮਰਯਾਦਾ ਹੁਣ ਤੀਕ ਸ੍ਰੀ ਹਰਿਮੰਦਰ ਸਾਹਿਬ ਵਿਚ ਸਥਾਪਤ ਹੈ। ਸਿਖ ਧਰਮ ਵਿਚ ਗੁਰਦੁਆਰਿਆਂ, ਘਰਾਂ ਵਿੱਚ ਮਰਨੇ-ਪਰਨੇ ਸਮੇਂ ਅਖੰਡਪਾਠਾਂ, ਸਹਜ ਤੇ ਸਪਤਾਹਕ ਪਾਠਾਂ ਦੇ ਭਗ ਸਮੇਂ ਇਸ ਵਾਰ ਦਾ ਰਸਭਿਨੜਾ ਕੀਰਤਨ ਕੀਤਾ ਜਾਂਦਾ ਹੈ

ਅਤੇ ਗੁਰਸਿਖ ਗੁਰੂ ਕੇ ਪਿਆਰੇ ਅੰਮ੍ਰਿਤ ਰਬ ਦੇ ਪਿਆਲੇ ਪੀ ਪੀ ਕੇ ਖੀਵੇ ਹੁੰਦੇ ਹਨ। ਇਸ ਵਾਰ ਦਾ ਕੀਰਤਨ ਅਰੰਭ ਹੁੰਦੇ ਹੀ ਧੰਨ ਗੁਰੂ ਰਾਮਦਾਸ ਧੰਨ ਗੁਰੂ ਰਾਮਦਾਸ ਦੀਆਂ ਧੁਨੀਆਂ ਦਾ ਅਲਾਪ ਰਾਗੀ ਸਿੰਘਾਂ ਤੇ ਸੰਗਤਾਂ ਦੀਆਂ ਰਸਨਾਂ ਉਤੇ ਸੁਤੇ ਸਿਧੇ ਆ ਜਾਂਦਾ ਹੈ ਕਿਉਂਕਿ ਆਸਾ ਰਾਗ ਦੇ ੨੪ ਛੰਤ ਜੋ ਇਸ ਵਾਰ ਦੀਆਂ ੨੪ ਪਉੜੀਆਂ ਨਾਲ ਗਾਇਨ ਕੀਤੇ ਜਾਂਦੇ ਹਨ, ਗੁਰੂ ਰਾਮਦਾਸ ਜੀ ਦੀ ਰਚਨਾ ਹਨ। ਇਸ ਮਰਯਾਦਾ ਦਾ ਧੁਰਾ ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਆਪ ਬੱਧਾ। ਇਨ੍ਹਾਂ ਛੰਤਾਂ ਨੇ ਵਾਰ ਦੇ ਰੱਸ ਤੇ ਰਹੱਸ ਵਿੱਚ ਢੇਰ ਵਾਧਾ ਕੀਤਾ ਹੈ। ਜਿਸ ਕਰਕੇ ਇਹ ਛੰਤ ਇਸ ਵਾਰ ਦਾ ਅਨਿਖੜਵਾਂ ਅੰਗ ਬਣ ਗਏ ਹਨ ਅਤੇ ਸਦੀਵੀ ਇਨ੍ਹਾਂ ਦੀ ਗੂੰਜ ਪੈਂਦੀ ਰਹੇਗੀ।


## ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦਾ ਜੀਵਨ

ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦਾ ਜੀਵਨ (ਪੁਸਤਕਾਂ ਦੇ ਆਧਾਰ ਤੇ) ਪ੍ਰੋ: ਬਲਬੀਰ ਸਿੰਘ ਜੀ ਦਾ ਰਚਿਤ ਛਪ ਗਿਆ ਹੈ। ਇਸ ਵਿਚ ਭਾਈ ਸਾਹਿਬ ਦੇ ਜੀਵਨ ਬਾਰੇ ਤੇ ਉਨ੍ਹਾਂ ਦੀਆਂ ਰਚਿਤ ਪੁਸਤਕਾਂ ਬਾਰੇ ਇਤਨੀ ਵਾਕਫੀਅਤ ਦਿਤੀ ਹੈ ਜੋ ਹਰ ਗੁਰ ਸਿਖ ਨੂੰ ਜਾਣੂ ਹੋਣੀ ਚਾਹੀਦੀ ਹੈ। ਭੇਟਾ 0—50 ਪੈਸੇ, ਪਰ ਡਾਕ ਰਾਹੀਂ ਮੰਗਾਣ ਵਾਲੇ 0—75 ਪੈਸੇ ਸਿੰਘ ਬ੍ਰਦਰਜ਼, ਮਾਈ ਸੇਵਾਂ, ਅੰਮ੍ਰਿਤਸਰ ਨੂੰ ਭੇਜ ਕੇ ਅਜ ਹੀ ਮੰਗਾਣ।

*ਸਿੰਘ ਬ੍ਰਦਰਜ਼*
ਬਜ਼ਾਰ ਮਾਈ ਸੇਵਾਂ
ਅੰਮ੍ਰਿਤਸਰ




www.AKJ.Org

# ਪਰਤਖ ਸਤਿਗੁਰੂ : ਸ੍ਰੀ ਗੁਰੂ ਗ੍ਰੰਥ ਸਾਹਿਬ ਜੀ

*ਵਲੋਂ : ਗੁਰਪੁਰਵਾਸੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ।*

ਮਾਨੁਖਾ ਦੇਹ ਧਾਰਨ ਦਾ ਪ੍ਰਮ ਪਰਯੋਜਨ ਗੁਰੂ ਤਤ ਆਦਰਸ਼ ਵਾਹਿਗੁਰੂ ਦਰਸ਼ਨ ਦੀ ਪ੍ਰਾਪਤੀ ਪ੍ਰਭੂ ਮਿਲਾਪ ਮਈ ਪ੍ਰਾਪਤੀ ਹੈ, ਏਹ ਪ੍ਰਾਪਤੀ ਕੇਵਲ ਸਤਿਗੁਰ ਪ੍ਰਸਾਦਿ ਦਵਾਰਾ ਹੀ ਸੰਭਵ ਹੈ । ਸਤਿਗੁਰ ਸਰਨਾਈ ਆਇਆਂ ਹੀ ਅਤੇ ਸਤਿਗੁਰ ਸਰਨੀ ਆਇਕੇ ਨਾਮ ਧਨ ਵਣੰਜਿਆਂ ਹੀ ਪ੍ਰਭੂ ਪ੍ਰਮਾਤਮਾ ਦੀ ਪ੍ਰਾਪਤੀ ਹੁੰਦੀ ਹੈ । ਵਣਜਾਰੇ ਸਿਖ ਸਤਿਗੁਰੂ ਦੇ ਦੁਆਰਿਓਂ ਸਿਮਰਨ ਦੀ ਦਾਤਿ ਪ੍ਰਾਪਤ ਕਰਕੇ ਅਤੇ ਅਤੁਟ ਅਭਿਆਸ ਕਮਾਈਆਂ ਕਰਕੇ ਨਾਮੀ ਅਕਾਲ ਪੁਰਖ ਦੇ ਪਾਵਨ ਦੇ ਵਡਭਾਗੀ ਬਣਦੇ ਹਨ । ਸਤਿਗੁਰੂ ਦੇ ਸਿਖ ਸੰਤ ਜਨਾਂ ਮਈ ਮਿਤਾਂ ਪੁੱਤਾਂ ਭਾਈਆਂ ਬਾਝੋਂ ਨਾਮੁ ਕਿਸੇ ਨੂੰ ਨਹੀਂ ਮਿਲਦਾ ਅਤੇ ਸਚੇ ਸਤਿਗੁਰੂ ਦੇ ਦੁਆਰਿਉਂ ਹੀ ਮਿਲਦਾ ਹੈ ।

ਯਥਾ ਗੁਰਵਾਕ :—

ਮੈਂ ਗੁਰ ਬਿਨੁ ਅਵਰੁ ਨ ਕੋਇ ॥ ਹਰਿ ਗੁਰ ਸਰਣਾਈ ਪਾਈਐ ਵਣਜਰਿਆ ਮਿਤ੍ਰਾ ਵਡਿਭਾਗਿ ਪਰਾਪਤਿ ਹੋਇ ॥ ੧ ॥ ਰਹਾਉ ॥
ਸੰਤ ਜਨਾ ਵਿਣੁ ਭਾਈਆ ਹਰਿ ਕਿਨੈ ਨ ਪਾਇਆ ਨਾਉ ॥

[ਸਿਰੀ ਰਾਗੁ ਮਹਲਾ ੪]

ਨਾਮ ਨਿਧਾਨ ਜਾਪ ਕਮਾਈਆਂ ਵਾਲੇ ਭਾਈ ਜਨਾਂ ਨੂੰ ਹੀ ਸੰਤ ਜਨਾਂ ਦੀ ਪਦਵੀ ਪ੍ਰਾਪਤ ਹੈ, ਪਰ ਉਹ ਸਿਖ ਸੰਤ ਹੀ ਕਹਾਉਂਦੇ ਹਨ । ਗੁਰੂ ਸੰਤ ਦੀ ਪਦਵੀ ਗੁਰਮਤਿ ਅੰਦਰਿ ਸਿਖ ਸੰਤਾਂ ਨੂੰ ਪ੍ਰਾਪਤ ਨਹੀਂ । ਨਾਮ ਰਸਾਇਣੀ ਅੰਮ੍ਰਿਤ ਪਦਾਰਥ ਸਿਖ ਸੰਤ ਰੂਪੀ ਸੁਚਿਆਂ ਸੁਧਿਆਂ ਭਾਂਡਿਆਂ ਅੰਦਰਿ ਹੀ ਸਮਾਉਂਦਾ ਹੈ, ਮਨਮੁਖੀ ਮੂਧਿਆਂ ਭਾਂਡਿਆਂ ਵਿਚ ਨਹੀਂ ਸਮਾਉਂਦਾ । ਗੁਰਦੀਖਿਆ ਦੁਆਰਾ ਹੀ ਨਾਮ ਦਾ ਨਿਵਾਸ ਸੁਚੇ ਸੁਧੇ ਭਾਂਡੇ ਅੰਦਰ ਹੁੰਦਾ ਹੈ । ਓਹੀ ਭਾਂਡੇ ਸਚੇ ਅਤੇ ਸੁਚੇ ਹਨ ਜਿਨ੍ਹਾਂ ਨੂੰ ਸ਼ਬਦ ਦੀ ਸਚੀ ਪਿਆਸ ਲਗੀ ਹੈ ।

ਯਥਾ ਗੁਰਵਾਕ :

ਨਾਮਿ ਸਮਾਵੈ ਜੋ ਭਾਂਡਾ ਹੋਇ ॥
ਊਂਧੈ ਭਾਂਡੈ ਟਿਕੈ ਨ ਕੋਇ ॥
ਗੁਰਸਬਦੀ ਮਨਿ ਨਾਮਿ ਨਿਵਾਸੁ ॥
ਨਾਨਕ ਸਚੁ ਭਾਂਡਾ ਜਿਸੁ ਸਬਦ ਪਿਆਸ ॥

[ਗਉ: ਮ: ੩]

ਸਿਧਿਆਂ ਭਾਂਡਿਆਂ ਨੇ ਸਤਿਗੁਰ ਤੋ ਸਿਮਰਨ ਦਾਤਿ ਪ੍ਰਾਪਤ ਕਰਕੇ ਫੇਰ ਨਾਮ ਅਭਿਆਸ ਕਮਾਈਆਂ ਦਾ ਬਿਲੋਵਨਾ ਬਿਲੋਵਿਆ ਹੈ ਅਤੇ ਇਸ ਬਿਧੀ ਗੁਰਮੁਖ ਜਨਾ ਨੇ ਅੰਦਰੋਂ ਹੀ ਮਥਕੇ ਤਤ ਕਢਿਆ ਹੈ । ਸਰੀਰ ਸਰੋਵਰ ਵਿਚੋਂ ਹੀ ਇਨ੍ਹਾਂ ਨੂੰ ਨਾਮ ਰੂਪੀ ਰਤਨ ਪਦਾਰਥ ਜੋਤੀ ਪ੍ਰਕਾਸ਼ ਹੀਰੇ ਕਣੀ ਦੀ ਜੋਤ ਮਣੀ ਪ੍ਰਾਪਤ ਹੋਈ ਹੈ ।

"ਸਰੀਰਿ ਸਰੋਵਰਿ ਗੁਣ ਪਰਗਟਿ ਕੀਏ ॥
ਨਾਨਕ ਗੁਰਮੁਖਿ ਮਥਿ ਤਤੁ ਕਢੀਏ ॥"

ਪ੍ਰੰਤੂ ਏਹ ਤਤ ਅੰਮ੍ਰਿਤ ਅੰਮ੍ਰਿਤ ਰਸਾਇਣੀ



www.AKJ.Org

ਖੀਰ ਮਥੇ ਤੇ ਹੀ ਪ੍ਰਾਪਤ ਹੁੰਦਾ ਹੈ, ਨੀਰ ਵਿਰੋਲਿਆਂ ਨਹੀਂ ਹੁੰਦਾ। ਗੁਰਬਾਣੀ ਹੀ ਅੰਮ੍ਰਿਤ ਰਸਾਇਣੀ ਖੀਰ ਸਮੁੰਦਰ ਹੈ, ਜਿਸ ਨੂੰ ਮਥਿਆਂ ਅੰਮ੍ਰਿਤ ਗੁਨ ਰੂਪੀ ਹੀਰਾ ਰਤਨ ਜੋਤਿ ਵਿਗਾਸ ਜਗ ਮਗੀ ਸਰੂਪ ਵਿਖੇ ਘਟ ਅੰਤਰਿ ਹੀ ਆਣਿ ਜਗਮਗਾਉਂਦਾ ਹੈ। ਅਨਦਿਨ ਗੁਰਬਾਣੀ ਰੂਪੀ ਗੁਣ ਗਾਵਣ ਕਰਿ ਅੰਮ੍ਰਿਤ ਨਾਮ ਰੂਪੀ ਤਥ ਵਥ ਵਿਚੋਂ ਵਿਗਸ ਆਉਂਦੀ ਹੈ।

ਯਥਾ ਗੁਰਵਾਕ :—

"ਅਨਦਿਨੁ ਹਰਿ ਕੇ ਗੁਣ ਰਵੈ ਗੁਣ ਪਰਗਟੁ ਕਿਤਾ॥"

ਰਵਣ ਯੋਗ ਗੋਬਿੰਦ ਗੁਣਾਂ ਦਾ ਸਾਗਰ ਗੁਰਬਾਣੀ ਦੇ ਬੋਹਿਥ ਕੇਵਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸਚੇ ਗੁਰਦੇਵ ਹੀ ਹਨ, ਜਿਸ ਅੰਦਰ ਧੁਰ ਕੀ ਆਈ ਪਾਰਸ ਬਾਣੀ ਰੂਪੀ ਅੰਮ੍ਰਿਤ ਭਰਪੂਰ ਹੈ, ਪੂਰੋ ਪੂਰ ਭਰਪੂਰ ਹੈ।

ਸਤਿਗੁਰੂ ਨਾ ਸਿਰਫ ਸਿਮਰਨ ਦਾਤਾ ਹੀ ਹੈ, ਬਲਿਕ ਜੋ ਧੁਰੋਂ ਆਈ ਬਾਣੀ ਰੂਪੀ ਅੰਮ੍ਰਿਤ ਬਚਨਾਂ ਦਾ ਤਤ ਬਿਖਿਆਤਾ ਹੈ ਸੋ ਸਤਿਗੁਰੂ ਗੁਰਦੇਵ ਹੀ ਸਚੀ ਪਦਵੀ ਦਾ ਅਧਿਕਾਰੀ ਹੈ। ਸਤਿਗੁਰੂ ਦੇ ਮੁਖੋਂ ਉਚਰੇ ਗੁਰਬਾਣੀ ਰੂਪੀ ਪਾਰਸ ਬਚਨਾਂ ਦੀ ਪਾਰਸ ਕਲਾ ਤਿਨਾ ਵਡਭਾਗੇ ਜਨਾਂ ਨੂੰ ਵਾਹਿਗੁਰੂ ਸੰਗ ਜੋੜਨ ਦਾ ਸੁਭਾਗ ਬਖਸ਼ਦੀ ਹੈ, ਜਿਨ੍ਹਾਂ ਨੂੰ ਸਤਿਗੁਰੂ ਸਾਹਿਬ ਅੰਮ੍ਰਿਤ ਬਚਨਾਂ ਦੀ ਦਾਤਿ ਦੇ ਪਾਤਰ ਬਣਾਉਂਦੇ ਹਨ।

ਯਥਾ ਗੁਰਵਾਕ :—

"ਸਤਿਗੁਰੁ ਦੇਉ ਪਰਤਖਿ ਹਰਿ ਮੂਰਤਿ ਜੋ ਅੰਮ੍ਰਿਤ ਬਚਨ ਸੁਣਾਵੈ॥ ਨਾਨਕ ਭਾਗ ਭਲੇ ਤਿਸੁ ਜਨ ਕੋ ਜੋ ਹਰਿ ਚਰਣੀ ਚਿਤੁ ਲਾਵੈ॥੫॥"

ਇਸ ਗੁਰਵਾਕ ਅਨੁਸਾਰ ਅਜ ਇਸ ਵਰਤਮਾਨ ਕਾਲ ਅੰਦਰ ਅੰਮ੍ਰਿਤ ਬਚਨਾਂ ਦਾ ਭੰਡਾਰ, ਗੁਰਬਾਣੀ ਰੂਪੀ ਅੰਮ੍ਰਿਤ ਬਚਨਾਂ ਦਾ ਸੁਣਾਵਣਹਾਰ ਕੇਵਲ ਸ੍ਰੀ ਗੁਰੂ ਗਰੰਥ ਸਾਹਿਬ ਹੈ। ਇਸ ਗੁਰਵਾਕ ਦੀ ਕਸਉਟੀ ਅਨੁਸਾਰ ਕੋਈ ਭੀ ਅਲਪੱਗ ਦੇਹਧਾਰੀ ਪੁਰਸ਼ ਗੁਰੂ ਕਹਾਉਣ ਦਾ ਅਧਿਕਾਰੀ ਨਹੀਂ। ਗੁਰੂ ਬਾਣੀ ਮਈ ਅੰਮ੍ਰਿਤ ਬਚਨਾਂ ਦੀ ਸ੍ਰੋਤ ਸ੍ਰਵਣੀ ਪੈ ਸਕਦੀ ਹੈ ਤਾਂ ਕੇਵਲ ਸ੍ਰੀ ਗੁਰੂ ਗਰੰਥ ਸਾਹਿਬ ਜੀ ਪਰਤੱਖ ਹਰਿ ਮੂਰਤ ਦੇ ਸਰੂਪ ਤੋਂ ਪੈ ਸਕਦੀ ਹੈ। ਦਸੇ ਗੁਰੂ ਪਾਤਸ਼ਾਹੀਆਂ ਦੇ ਸਚੇ ਸਰੂਪ ਗੁਰਾਂ ਦੀ ਦੇਹ, ਸਚੇ ਗੁਰਦੇਵ ਸ੍ਰੀ ਗੁਰੂ ਗਰੰਥ ਸਾਹਿਬ ਜੀ ਤੋਂ ਬਿਨਾਂ ਹੋਰ ਕੋਈ ਦੇਹਧਾਰੀ ਗੁਰੂ ਅੰਮ੍ਰਿਤ ਬਚਨ ਸੁਣਾਉਣ ਦੇ ਸਮਰਥ ਨਹੀਂ। ਇਹ ਸਮਰਥਤਾ ਹੈ ਤਾਂ ਸਿਰਫ ਸ੍ਰੀ ਗੁਰੂ ਗਰੰਥ ਸਾਹਿਬ ਜੀ ਨੂੰ ਹੀ ਹੈ, ਸ੍ਰੀ ਗੁਰੂ ਗਰੰਥ ਸਾਹਿਬ ਜੀ ਤੇ ਸੁਣ ਪੜ੍ਹਕੇ ਅੰਮ੍ਰਿਤ ਬਚਨਾਂ ਦਾ ਸੁਣਾਵਨਾ ਅਤੇ ਉਚਾਰਨਹਾਰਾ ਬਾਣੀ ਵਕਤਾ ਪਾਠ ਸੁਣਾਵਣਹਾਰਾ ਪਾਠੀ ਯਾ ਗੁਰੂ ਹੁਕਮ ਸੁਣਾਵਨਹਾਰਾ ਸੇਵਕ ਮੇਵੜਾ ਹਰਗਿਜ਼ ਹਰਗਿਜ਼ ਹਰਗਿਜ਼ ਗੁਰੂ ਗੁਰਦੇਵ ਨਹੀਂ ਸਦਾ ਸਕਦਾ। ਸ੍ਰੀ ਗੁਰੂ ਗਰੰਥ ਸਾਹਿਬ ਜੀ ਦੇ ਸਰੂਪ ਤੋਂ ਵਾਚਕੇ ਨਾਮ ਬਾਣੀ ਸੁਣਾਵਣਹਾਰਾ ਐਸਾ ਹੀ ਸਿਮਰਨ ਦਾਤਾ ਨਹੀਂ ਹੋ ਸਕਦਾ, ਨਾ ਹੀ ਸਦਾ ਸਕਦਾ ਹੈ, ਜੈਸਾ ਕਿ ਇਕ ਇਕੱਲਾ ਅਭਿਆਸੀ ਜਨ ਗੁਰੂ ਦੁਆਰਿਓਂ ਨਾਮ ਦੀ ਦਾਤ ਪ੍ਰਾਪਤ ਕਰਕੇ ਅਗਾਂਹ ਕਿਸੇ ਨੂੰ ਨਾਮ



www.AKJ.Org

ਗੁਰਮੰਤ੍ ਦੀਖਿਆ ਯਾ ਸਿਮਰਨ ਨਹੀਂ ਦ੍ਰਿੜ੍ਹਾ ਸਕਦਾ। ਇਸਦਾ ਸਿਮਰਨ ਦ੍ਰਿੜ੍ਹਾਵਣਾ ਐਸਾ ਹੀ ਤਤ ਸਫਲਤਾ ਹੀਨ ਹੈ ਜੈਸਾ ਕਿ ਸ੍ਰੀ ਗੁਰੂ ਗਰੰਥ ਸਾਹਿਬ ਜੀ ਦੇ ਸਰੂਪ ਤੋਂ ਨਾਮ ਬਾਣੀ ਦਾ ਪਾਠ ਮਾਤਰ ਸੁਣਾਵਣਾ ਅਪੂਰਨ ਸਫਲਤਾ ਸੁਖਦਾਇਕ ਹੈ। ਪਾਠੀ ਦਾ ਸਿਮਰਨ ਪਾਠ ਸੁਣਾਵਣਾ ਸਤਿਗੁਰੂ ਦੇ ਪਰਤੱਖ ਅੰਮ੍ਰਿਤ ਬਚਨ ਸੁਣਾਵਣ ਸਦਰਸ਼ ਨਹੀਂ, ਹਰਗਿਜ਼ ਨਹੀਂ। ਬਾਣੀ ਗੁਰਬਾਣੀ ਦੇ ਪਾਠ ਮਾਤਰ ਸੁਣਾਵਣ ਨਾਲ ਕੋਈ ਉਚੇ ਤੋਂ ਉਚਾ ਗੁਰਮੁਖ ਜਨ ਅੰਮ੍ਰਿਤ ਬਚਨ ਸਮਰਥਾ ਵਾਲੇ ਅੰਮ੍ਰਿਤ ਬਚਨਾਂ ਦੇ ਸੋਮੇ ਸਤਿਗੁਰੂ ਸਦਰਸ਼ ਨਹੀਂ ਹੋ ਸਕਦਾ, ਨਾਂ ਹੀ ਗੁਰਬਾਣੀ ਦੇ ਪਾਠ ਦੀ ਸੰਖਿਆ ਸਿਖਾਵਨਹਾਰਾ, ਨਾ ਹੀ ਗੁਰੂ ਬਾਣੀ, ਅੰਮ੍ਰਿਤ ਕਥਾ ਦਾ ਅਰਥਾਵਣਹਾਰਾ ਗੁਰੂ ਸਦਾ ਸਕਦਾ ਹੈ। ਗੁਰਬਾਣੀ ਦੇ ਪਾਠ ਅੰਮ੍ਰਿਤ ਰੂਪ ਅਕਥ ਕਥਾ ਕਥਨਹਾਰਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਅੰਮ੍ਰਿਤ ਮਈ ਪਾਰਸ ਬਾਣੀ ਨਾਲ ਪਰਸ ਕੇ ਪਰਸਦਾ ਪਰਸਦਾ ਖੁਦ ਤਾਂ ਪਾਵਨ ਪਵਿੱਤਰ ਹੋ ਜਾਂਦਾ ਹੈ। ਪਰ ਸਿਮਰਨ ਦਾਤਾ ਸਤਿਗੁਰੂ ਨਹੀਂ ਬਣ ਸਕਦਾ। ਸਤਿਗੁਰੂ ਸਾਹਿਬ ਜੀ ਦੇ ਸਾਖਯਾਤ ਸਰੂਪ ਤੋਂ ਸਰੂਪਤ ਹੋ ਕੇ ਅੰਮ੍ਰਿਤ ਬਾਣੀ ਦਾ ਪਾਠ ਸੁਣਾਵਣਹਾਰਾ ਸੁੱਤੇ ਜਨਾਂ ਉਤੇ ਭੀ ਅੰਮ੍ਰਿਤ ਬਾਣੀ ਦਾ ਪਾਰਸ ਪ੍ਰਭਾਵ ਵਰਤਣ ਵਰਤਾਂ ਸਕਦਾ ਹੈ ਅਤੇ ਅਣਰੁਚਿਆਂ ਦੀ ਰੁਚੀ ਗੁਰੂ ਬਾਣੀ ਵਲ ਲਿਆ ਸਕਦਾ ਹੈ, ਪਰ ਸਿਮਰਨ ਨਹੀਂ ਦ੍ਰਿੜ੍ਹਾ ਸਕਦਾ। ਸਿਮਰਨ ਵਲ ਰੁਚੀ ਰੁਚਿਆ ਸਕਦਾ ਹੈ, ਪਰ ਸਿਮਰਨ ਦਾਤ ਦਾ ਦਾਤਾ ਨਹੀਂ ਬਣ ਸਕਦਾ ਅਤੇ ਸਿਮਰਨ ਦਾਤਾ ਸਤਿਗੁਰੂ ਨਹੀਂ ਸਦਾਂ ਸਕਦਾ। ਅੰਮ੍ਰਿਤ ਬਾਣੀ ਅੰਮ੍ਰਿਤ ਨਾਮ ਮਈ ਸੁਆਂਤੀ ਬੂੰਦ ਜੇ ਚਾਤ੍ਰਿਕ ਤਿਖਹਾਰੀਆਂ ਦੇ ਕੰਠ ਅੰਦਰ ਪ੍ਰਵੇਸ਼ ਹੋ ਸਕਦੀ ਹੈ, ਤਾਂ ਕੇਵਲ ਸਤਿਗੁਰੂ ਸੁਆਂਤੀ ਬੂੰਦ ਦਾਤੇ ਦੁਆਰਾ ਹੀ ਹੋ ਸਕਦੀ ਹੈ, ਅੰਮ੍ਰਿਤ ਬਾਣੀ ਦੇ ਭੰਡਾਰ ਅੰਮ੍ਰਿਤ ਬਚਨਾਂ ਦੇ ਸਾਗਰ 'ਪਰਤੱਖ ਹਰਿ ਮੂਰਤ' ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਰਸ ਰਸਾਇਣੀ ਤਾਬਿਆ ਹਜ਼ੂਰੀ ਵਿਚ ਪੰਜੇ ਗੁਰਮੁਖ ਪਿਆਰੇ ਹੀ ਪਾਰਸ ਰਸਾਇਣੀ ਆਕ੍ਰਖਣ ਕਲਾ ਵਰਤਾ ਸਕਦੇ ਹਨ, ਇਕੜ ਦੁਕੜ ਕੋਈ ਸਿਖ ਭੀ ਐਸਾ ਕਰਨ ਤੋਂ ਅਸਮਰਥ ਹੈ। ਧੁਰੋਂ ਆਈ ਬਾਣੀ ਰੂਪੀ ਅੰਮ੍ਰਿਤ ਬਚਨ ਉਤਰੇ ਹਨ ਤਾਂ ਕੇਵਲ ਦਸੇ ਪਾਤਸ਼ਾਹੀਆਂ ਦੇ ਮੁਖਾਰਬਿੰਦ ਵਿਚ ਉਤਰੇ ਹਨ ਯਾ ਦਸਾਂ ਗੁਰੂ ਪਾਤਸ਼ਾਹੀਆਂ ਦੇ ਸਚੇ ਸਰੂਪ ਸ੍ਰੀ ਗੁਰੂ ਗਰੰਥ ਸਾਹਿਬ ਜੀ ਦੀ ਦੇਹ ਵਿਚ ਹੀ ਉਤਰੇ ਹਨ। ਪਰਗਟ ਗੁਰਾਂ ਦੀ ਦੇਹ ਜੋ ਹੋਏ ਹੋਰ ਕਿਸੇ ਦੇਹਧਾਰੀ ਦੀ ਦੇਹ ਵਿਚ ਨਹੀਂ ਉਤਰ ਸਕਦੇ। ਸੋ ਅੰਮ੍ਰਿਤ ਬਚਨ ਪ੍ਰਾਪਤ ਹੋਣਗੇ ਤਾਂ ਬਾਣੀ ਬੋਹਿਥ ਦੇ ਅੰਮ੍ਰਿਤ ਬਚਨਾਂ ਦੇ ਜਹਾਜ਼ ਗੁਰੂ ਗਰੀਬ ਨਿਵਾਜ ਸ੍ਰੀ ਗੁਰੂ ਗਰੰਥ ਸਾਹਿਬ ਜੀ ਦੀ ਦੇਹ ਤੋਂ ਹੀ ਪ੍ਰਾਪਤ ਹੋਣਗੇ ਹੋਰ ਕਿਸੇ ਤੋਂ ਨਹੀਂ, ਤਾਂ ਹੀ ਤੇ ਸ੍ਰੀ ਗੁਰੂ ਗਰੰਥ ਸਾਹਿਬ ਸਤਿਗੁਰ ਦੇਉ ਪਰਤੱਖ ਹਰਿ ਮੂਰਤ ਹੈ, ਜਿਥੋਂ ਕਿ ਅੰਮ੍ਰਿਤ ਬਾਣੀ ਦਾ ਸੋਮਾ ਸਫੁਟ ਹੁੰਦਾ ਹੈ, ਜੋ ਜਨ ਸ੍ਰੀ ਗੁਰੂ ਗਰੰਥ ਸਾਹਿਬ ਜੀ ਉੱਪਰ ਪਰਤੱਖ ਗੁਰਦੇਵ ਵਾਲੀ ਸ਼ਰਧਾ ਭਾਵਨੀ ਲਿਆਉਂਦਾ ਹੈ ਉਹ ਹਰਿ ਚਰਨੀ ਚਿਤੁ ਲਾਉਂਦਾ ਹੈ :—



www.AKJ.Org

"ਨਾਨਕ ਭਾਗ ਭਲੇ ਤਿਸੁ ਜਨੁ ਕੇ ਜੋ ਹਰਿ ਚਰਣੀ ਚਿਤੁ ਲਾਵੈ ॥"

[ਮਲਾਰ ਮ: ੪]

ਵਾਲੀ ਪੰਕਤੀ ਦਾ ਇਹ ਪਰਮਾਰਥ ਹੈ।

ਸਦੀਵ ਕਾਲ ਅੰਮ੍ਰਿਤ ਬਚਨ ਸੁਣਾਵਨਹਾਰਾ ਅਤੇ ਅੰਮ੍ਰਿਤ ਬਚਨ ਸੁਣਾ ਕੇ ਸਿਮਰਨ ਦਾਤਿ ਦੇਵਣ ਹਾਰਾ ਪਰਤੱਖ ਹਰੀ ਮੂਰਤਿ ਸਤਿਗੁਰੂ ਗੁਰਦੇਵ ਹੈ ਤਾਂ ਕੇਵਲ ਸ੍ਰੀ ਗੁਰੂ ਗ੍ਰੰਥ ਸਾਹਿਬ ਹੈ। ਸਤਿਗੁਰੂ ਸਚੇ ਗੁਰਦੇਵ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅੰਮ੍ਰਿਤ ਮਈ ਮੀਠੇ ਬਚਨ ਸੁਣ ਕੇ ਹੀ ਵਾਹਿਗੁਰੂ ਦਾ ਨਾਮ ਮੀਠਾ ਅਤਿ ਮੀਠਾ ਲਗਦਾ ਹੈ। ਗੁਰਬਾਣੀ, ਗੁਰਮਤਿ ਕੇਵਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹੀ ਬਾਣੀ ਹੀ ਹੈ, ਹੋਰ ਕੋਈ ਬਾਣੀ ਗੁਰਬਾਣੀ ਨਹੀਂ। ਨਾ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਬਿਹੂਣ ਹੋਰ ਕੋਈ ਬਾਣੀ ਅੰਮ੍ਰਿਤ ਰੂਪ ਹੈ ਯਾ ਪਾਰਸ ਕਲਾ ਸੰਪੰਨ ਅੰਮ੍ਰਿਤ ਬਾਣੀ ਹੈ। ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਮੁਖਾਰਬਿੰਦ ਦੁਆਰਾ ਜਦ ਨਿਕਸਦੇ ਹਨ ਤਾਂ ਅੰਮ੍ਰਿਤ ਮਈ ਮੀਠੇ ਬਚਨ ਹੀ ਨਿਕਸਦੇ ਹਨ, ਤਾਂਹੀਂ ਤੇ ਸਤਿਗੁਰੁ ਬਾਣੀ ਗੁਰੂ ਰੂਪ ਹੈ ਤਾਂਹੀਂ ਤੇ ਇਸ ਅੰਮ੍ਰਿਤ ਬਾਣੀ ਦਾ ਸਰਚਸ਼ਮਾ ਸ੍ਰੀ ਗੁਰੂ ਗ੍ਰੰਥ ਸਾਹਿਬ ਪੁਰਖ ਪੁਰਖੋਤਮ ਹੈ, ਪੁਰਖਾਂ ਸਿਰ ਸਰਬੋਤਮ ਪੁਰਖੁ ਹੈ। ਤਾਂਤੇ ਇਸ ਪੁਰਖੁ ਪੁਰਖੋਤਮ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਨਾਲ ਹੀ ਗੁਰ ਸਿਖਾਂ ਨੂੰ ਪੂਰਨ ਸ਼ਰਧਾ ਭਾਵਨਾ ਸੇਤੀ ਚਿਤ ਲਾਉਣਾ ਚਾਹੀਦਾ ਹੈ ਹੋਰ ਕਿਸੇ ਪਾਸੇ ਚਿਤ ਨਹੀਂ ਦੇਣਾ ਚਾਹੀਏ। ਨਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤੋਂ ਛੁਟ ਹੋਰ ਕਿਸੇ ਦੇਹ ਧਾਰੀ ਨੂੰ ਗੁਰੂ ਮੰਨਣਾ ਚਾਹੀਏ।

ਯਥਾ ਗੁਰਵਾਕ—

"ਗੁਰਮਤਿ ਹਰਿ ਹਰਿ ਮੀਠਾ ਲਾਗਾ ਗੁਰ ਮੀਠੇ ਬਚਨ ਕਢਾਵੈਗੋ ॥ ਸਤਿਗੁਰ ਬਾਣੀ ਪੁਰਖੁ ਪੁਰਖੋਤਮ ਬਾਣੀ ਸਿਉ ਚਿਤੁ ਲਾਵੈਗੋ ॥੨॥ [ਕਾਨੜਾ ਮ: ੪ ਅਸਟ : ]

ਪੁਰਖੋਤਮ ਪੁਰਖੁ ਸਚੇ ਗੁਰਦੇਵ ਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤੋਂ ਬਿਨਾਂ ਹੋਰ ਕੋਈ ਦੇਹ ਧਾਰੀ ਗੁਰੂ ਨਹੀਂ। ਸ੍ਰੀ ਬਾਬਾ ਰਾਮ ਸਿੰਘ ਜੀ ਜਿਸ ਨੂੰ ਕਿ ਨਾਮ ਧਾਰੀਏ ਦੇਹ ਧਾਰੀ ਗੁਰੂ ਕਰਕੇ ਮੰਨਦੇ ਹਨ, ਆਪਣੀਆਂ ਜੇਲੋਂ ਭੇਜੀਆਂ ਚਿਠੀਆਂ ਵਿਚ (ਜਿਨ੍ਹਾਂ ਨੂੰ ਕਿ ਨਾਮ ਧਾਰੀ ਵੀਰ ਹੁਕਮਨਾਮੇ ਕਰਕੇ ਮੰਨਦੇ ਹਨ। ਇਸ ਪਰਕਾਰ ਲਿਖਦੇ ਹਨ :—

"ਹੋਰ ਭਾਈ ਦਸਾਂ ਪਾਤਸ਼ਾਹੀਆਂ ਤੋਂ ਪਿਛੇ ਗੁਰੂ ਤਾਂ ਮਹਾਰਾਜ ਜੀ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਅਸਥਾਪਨ ਕਰ ਗਏ ਹਨ।

**ਸੋ ਸਦਾ ਹੀ ਇਸਥਿਤ ਹੈ ਹੋਰ ਗੁਰ ਕੋਈ ਨਹੀਂ।"**

ਏਹ ਇਨ ਬਿਨ ਸ੍ਰੀ ਰਾਮ ਸਿੰਘ ਜੀ ਦੇ ਬਚਨ ਹਨ। ਇਨ੍ਹਾਂ ਬਚਨਾਂ ਤੋਂ ਉਲਟ ਅਸਾਡੇ ਨਾਮਧਾਰੀਏ ਭਰਾ ਸ੍ਰੀ ਬਾਬਾ ਜੀ ਨੂੰ ਗੁਰੂ ਥਾਪੀ ਫਿਰਦੇ ਹਨ। ਕੇਸੀ ਬੇਮੁਖਤਾ ਵਾਲੀ ਗੱਲ ਹੈ। ਫੇਰ ਇਕ ਹੋਰ ਚਿਠੀ ਵਿਚ ਸ੍ਰੀ ਬਾਬਾ ਜੀ ਇਉਂ ਲਿਖਦੇ ਹਨ। ਸਪਸ਼ਟ-"ਮੈਂ ਗੁਰੂ ਨਹੀਂ ਮੈਂ ਤਾਂ ਗੁਰੂ ਦੇ ਘਰ ਦਾ ਕੂਕਰ ਹਾਂ। ਮੈਂ ਭੀ ਅੱਠੇ ਪਹਿਰ ਏਥੇ ਬੇਨਤੀ ਕਰਦਾ ਹਾਂ ਜੋ ਹੇ ਗੁਰੂ ਜੀ ਤੇਰੀ ਸ਼ਰਨ ਹਾਂ। ਬੇਮੁਖਾਂ ਥੀਂ ਰੱਖ ਲਈਂ। ਮੈਨੂੰ ਤਾਂ ਨਾ ਗੁਰੂ ਬਣਨ ਦੀ ਲੋੜ ਹੈ ਨਾ



www.AKJ.Org

ਬਰਮਾ ਬਣਨ ਦੀ ਲੋੜ ਹੈ। ਮੈਨੂੰ ਤਾਂ ਗੁਰਸਿਖੀ ਦੀ ਲੋੜ ਹੈ। ਏਹ ਤਾਂ ਏਵੇਂ ਭੌਂਕਦੇ ਹਨ। "ਤੁਸੀਂ ਗੁਰੂ ਦੇ ਬਚਨਾਂ ਵਲ ਧਿਆਨ ਕਰਨਾ, ਗ੍ਰੰਥ ਸਾਹਿਬ ਗੁਰੂ ਜੀ ਦੀ ਦੇਹ ਹੈ ਪਰਤੱਖ। 'ਇਕ ਗੁਰੂ ਗ੍ਰੰਥ ਸਾਹਿਬ ਗੁਰੂ ਜੀ ਗ੍ਰੰਥ ਮਾਨੀਏ ਪ੍ਰਗਟ ਗੁਰਾਂ ਦੀ ਦੇਹ। ਜੋ ਸਿਖ ਮੋਕੋ ਮਿਲਬੋ ਚਹੇ ਖੋਜ ਇਨਹੀ ਮੈ ਲੇਹ ॥' ਹੋਰ ਗੁਰੂ ਜੀ ਨੇ ਲਿਖਾ ਹੈ। 'ਬਾਣੀ ਗੁਰੂ ਗੁਰੂ ਹੈ ਬਾਣੀ ਵਿਚਿ ਬਾਣੀ ਅੰਮ੍ਰਿਤ ਸਾਰੇ ॥' ਗੁਰਬਾਣੀ ਕਹੈ ਸੇਵਕੁ ਜਨੁ ਮਾਨੈ ਪਰਤਖਿ ਗੁਰੂ ਨਿਸਤਾਰੇ ॥" ਸ੍ਰੀ ਬਾਬਾ ਜੀ ਦੀ ਸ਼ਰਧਾ ਐਨ ਗੁਰੂ ਸਾਹਿਬ ਦੇ ਅਜੇਹੇ ਗੁਰਵਾਕਾਂ ਦੇ ਅਨੁਕੂਲ ਹੈ ਜੈਸਾ ਕਿ ਗੁਰਵਾਕ ਆ ਚੁਕਾ ਹੈ :

"ਸਤਿਗੁਰ ਦੇਉ ਪਰਤਖਿ ਹਰਿ ਮੂਰਤ ਜੋ ਅੰਮ੍ਰਿਤ ਬਚਨ ਸੁਣਾਵੈ ॥" [ਮਲਾਰ : ੪]

ਸੋ ਪਰਤੱਖ ਹਰਿ ਮੂਰਤ ਸਤਿਗੁਰ ਸ੍ਰੀ ਸਚਾ ਗੁਰਦੇਵ ਸ੍ਰੀ ਗੁਰੂ ਗ੍ਰੰਥ ਸਾਹਿਬ ਹੈ। ਪਰਤੱਖ ਗੁਰਦੇਵ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਪਾਰਸ ਰਸਾਇਣੀ ਬਾਣੀ ਵਿਚ ਇਕ ਪਾਰਸ ਚੁੰਭਕੀ ਕਲਾ ਹੈ ਕਿ ਗੁਰਬਾਣੀ ਸੁਣ ਕੇ ਸੁੱਤੇ ਜਨ ਉੱਤਮ ਜਗਿਆਸੂ ਦਾ ਮਨ ਦ੍ਰਵਿਆ ਜਾਂਦਾ ਹੈ, ਦ੍ਰਵੀ ਭੂਤ ਹੋ ਜਾਂਦਾ ਹੈ, ਅੰਮ੍ਰਿਤ ਰਸਨਾ ਕੰਚਨ ਸੋਵਿੰਨਾ ਪਾਰਸ ਪਰਸਿੰਨਾ ਹੋ ਜਾਂਦਾ ਹੈ ਅਤੇ ਪਰਸਿੱਜਕੇ ਪ੍ਰੀਤਮ ਪਿਰੰਮ ਭਿੰਨਾ ਹੋ ਜਾਂਦਾ ਹੈ। ਇਸ ਬਿਧ ਦ੍ਰਵਿਆ ਹੋਇਆ ਗੁਰਬਾਣੀ ਭਿੰਨਾ ਮਨ ਆਪਣੇ ਅਸਲੀ ਠਿਕਾਣੇ ਸਹਜ ਘਰ ਵਿਖੇ ਜਾਏ ਸਮਾਉਂਦਾ ਹੈ, ਜਿਥੇ ਜਾ ਸਮਾਈ ਹੋਣ ਪਰ ਦਸਮ ਦੁਆਰ ਦੇ ਬਜਰ ਕਪਾਟ ਖੁਲ੍ਹ ਜਾਂਦੇ ਹਨ ਅਤੇ ਅਨਹਦ ਧੁਨੀਆਂ ਦੀ ਰੁਣ ਝੁਣਕਾਰੀ ਅਖੰਡ ਕੀਰਤਨ ਆਨੰਦੀ ਸਦ ਬਹਾਰੀ ਬਸੰਤ ਖਿੜ ਪੈਂਦੀ ਹੈ ਅਤੇ ਅੰਮ੍ਰਿਤ ਬੂੰਦ ਪੁਹਾਰੀ ਨੀਝਰ ਧਾਰ ਚੋਣ ਲਗ ਪੈਂਦੀ ਹੈ, ਜੈਸੇ ਕਿ ਗੁਰਵਾਕ ਹੈ—

"ਗੁਰਬਾਣੀ ਸੁਨਤ ਮੇਰਾ ਮਨੁ ਦ੍ਰਵਿਆ ਮਨੁ ਭੀਨਾ ਨਿਜ ਘਰ ਆਵੈਗੋ ॥ ਤਹ ਅਨਹਤ ਧੁਨੀ ਬਾਜਹਿ ਨਿਤ ਬਾਜੇ ਨੀਝਰ ਧਾਰ ਚੁਆਵੈਗੋ ॥ ੩ ॥

[ਕਾਨੜਾ ਅਸਟਪਦੀ ਮ: ੪]

ਨਾਮ ਨਿਧਾਨ ਦਾ ਸਚਾ ਮਾਲਕ ਸਤਿ ਸੰਗ ਦਾ ਸਚਾ ਸੋਮਾ ਜਿਥੋਂ ਵਾਹਿਗੁਰੂ ਪਰਮਾਤਮਾ ਪਾਈਦਾ ਹੈ ਕੇਵਲ ਸਚਾ ਗੁਰਦੇਵ ਸ੍ਰੀ ਗੁਰੂ ਗ੍ਰੰਥ ਸਾਹਿਬ ਹੈ। ਸਤਿਗੁਰੂ ਦਾ ਸਚਾ ਪਰਸਾਦਿ ਏਹ ਨਾਮ ਨਿਧਾਨ ਦੀ ਦਾਤਿ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਦੁਆਰਿਓਂ ਹੀ ਏਹ ਦਾਤ ਮਿਲਦੀ ਹੈ, ਜਿਸ ਨੂੰ ਗੁਰ ਪ੍ਰਸਾਦਿ ਕਰਿ ਏਹ ਦਾਤਿ ਪ੍ਰਾਪਤ ਹੋ ਗਈ ਹੈ। ਉਸ ਦੇ ਘਟ ਅੰਤਰਿ ਇਸ ਸਿਮਰਨ ਦਾਤਿ ਦੀ ਪਾਰਜਾਤ ਅਭਿਆਸ ਕਮਾਈ ਕਰਿ, ਜੋਤਿ ਪ੍ਰਚੰਡੀ ਚਾਨਣਾ ਹੀ ਚਾਨਣਾ ਹੀ ਚਾਨਣਾ ਹੋ ਗਿਆ ਗਿਆ ਹੈ ਅਤੇ ਤਿਮਰ-ਘੁਪ ਅੰਧੇਰ ਦੂਰ ਹੋ ਗਿਆ ਹੈ। ਐਸੀ ਪਾਰਸ ਸ਼ਕਤਿ ਚਮਕੀ ਦਾਤਿ ਹੈ ਸਤਿਗੁਰੂ (ਗੁਰੂ ਗ੍ਰੰਥ ਸਾਹਿਬ) ਦੁਆਰਿਓਂ ਪ੍ਰਾਪਤ ਹੋਏ ਸਿਮਰਨ ਦੀ। ਏਸ ਸਿਮਰਨ ਰੂਸੀ ਪਾਰਸ ਦੇ ਪਰਸਨ ਕਰ ਲੋਹੇ ਵਤ ਮਨੂਰ ਹੋਇਆ ਮਨੂਆ ਕੰਚਨ ਚੰਦਨੀ ਕੁੰਦਨ ਬਣ ਜਾਂਦਾ ਹੈ ਸੋ ਐਸਾ ਸਿਮਰਨ ਦਾਤਾ ਨਾਮ ਕੇਵਲ ਸਤਿਗੁਰੂ ਮਿਲੇ ਤੇ ਹੀ ਪਾਈਦਾ ਹੈ ਅਤੇ ਸਤਿਗੁਰੂ ਮਿਲੇ ਤੇ ਧਿਆਈਦਾ ਹੈ। ਇਕ ਵਾਰ ਗੁਰੂ ਦੁਆਰਿਉਂ ਨਾਉਂ ਪਾਇਕੇ ਫੇਰ



www.AKJ.Org

ਸਦੀਵ ਕਾਲ ਗੁਰੂ ਦੀ ਸਰਨ ਹਜ਼ੂਰੀ ਵਿਚਿ ਹੀ ਸਾਵਧਾਨ ਰਹਿਕੇ ਨਾਮ ਅਭਿਆਸ ਦੀ ਤਤ ਕਮਾਈ ਹੁੰਦੀ ਹੈ। ਸਤਿਗੁਰੂ ਦੀ ਸਰਨ ਹਜ਼ੂਰੀ ਭੈ ਭਾਵਨੀ ਦੇ ਚਾਬਕ ਮਾਰ ਮਾਰ ਨਾਮ ਜਪਉਂਦੀ ਹੈ ਅਤੇ ਅਭਿਆਸ ਕਮਾਈ ਕਰਾਉਂਦੀ ਹੈ, ਪਰੰਤੂ ਜਿਨ੍ਹਾਂ ਦੇ ਪੋਤੈ ਪੁਨ ਹੈ ਤਿਨ੍ਹਾਂ ਨੇ ਹੀ ਸਤਿਗੁਰੂ ਗੁਰੂ ਗਰੰਥ ਸਾਹਿਬ ਜੀ ਦਾ ਸਿਦਕ ਸਰਸਨੀ ਦਰਸ਼ਨ ਪਾਇਆ ਹੈ, ਤਿਨ੍ਹਾਂ ਨੂੰ ਹੀ ਵਾਹਿਗੁਰੂ ਅਕਾਲ ਪੁਰਖ ਨੇ ਇਹ ਕਲਜੁਗ ਦਾ ਬੋਹਿਥ ਭਵਸਾਗਰ ਤਾਰਨੀ ਬੋਹਿਥ ਸਚਾ ਸਤਿਗੁਰੂ ਮਿਲਾਇਆ ਹੈ ਜੈਸੇ ਕਿ ਇਸ ਅਗਲੇਰੇ ਗੁਰਵਾਕ ਦਾ ਭਾਵ ਹੈ।

ਯਥਾ ਗੁਰਵਾਕ—

"ਸਤਿ ਸੰਗਤਿ ਨਾਮੁ ਨਿਧਾਨੁ ਹੈ ਜਿਥਹੁ ਹਰਿ ਪਾਇਆ ॥ ਗੁਰਪਰਸਾਦੀ ਘਟਿ ਚਾਨਣਾ ਆਨੇਰੁ ਗਵਾਇਆ ॥ ਲੋਹਾ ਪਾਰਸਿ ਭੇਟੀਐ ਕੰਚਨੁ ਹੋਇ ਆਇਆ ॥ ਨਾਨਕ ਸਤਿਗੁਰਿ ਮਿਲਿਐ ਨਾਉ ਪਾਈਐ ਮਿਲਿ ਨਾਮੁ ਧਿਆਇਆ ॥ ਜਿਨ ਕੈ ਪੋਤੈ ਪੁੰਨੁ ਹੈ ਤਿਨੀ ਦਰਸਨੁ ਪਾਇਆ ॥ ੧੯ ॥

[ਸਾਰੰਗ ਕੀ ਵਾਰ ਮਹਲਾ ੪]

ਸ੍ਰੀ ਗੁਰੂ ਗ੍ਰੰਥ ਸਾਹਿਬ ਸਚਾ ਪਾਤਸ਼ਾਹੁ ਅੰਮ੍ਰਿਤ ਰਸ ਫਲਿਆ ਅੰਮ੍ਰਿਤ ਬਿਰਖ ਹੈ, ਇਸ ਤਾਈਂ ਪਹੁੰਚ ਤਿਸੈ ਦੀ ਹੁੰਦੀ ਹੈ ਜਿਸ ਨੂੰ ਵਾਹਿਗੁਰੂ ਆਪ ਪ੍ਰਾਪਤ ਕਰਾਏ। ਗੁਰਸਬਦ ਗੁਰਬਾਣੀ ਦਾ ਏਹ ਅੰਮ੍ਰਿਤ ਭੰਡਾਰੀ ਗੁਰੂ ਬੋਹਥੁ ਗੁਰ ਸ਼ਬਦ ਬਾਣੀ ਦੀ ਪਾਠ ਅਭਿਆਸ ਕਮਾਈ ਕਰ ਮਿਲਦਾ ਹੈ। ਅੰਮ੍ਰਿਤ ਬਾਣੀ ਦਾ ਅੰਮ੍ਰਿਤ ਮਈ ਪਾਠ ਕੇਵਲ ਸ੍ਰੀ ਗੁਰੂ ਗਰੰਥ ਸਾਹਿਬ ਜੀ ਦੇ ਸਰੂਪ ਤੋਂ ਹੀ ਮੁਯੱਸਰ ਹੁੰਦਾ ਹੈ। ਜੋ ਜਨ ਸਤਿਗੁਰੂ ਗਰੰਥ ਸਾਹਿਬ ਜੀ ਦੇ ਹੁਕਮਾਂ ਦੀ ਪੂਰਨ ਰਜ਼ਾਇ ਅਨੁਸਾਰ ਚਲਦਾ ਹੈ ਉਸ ਦਾ ਮਿਲਾਪ ਨਿਰਸੰਦੇਹ ਵਾਹਿਗੁਰੂ ਨਾਲ ਹੋ ਜਾਂਦਾ ਹੈ। ਵਾਹਿਗੁਰੂ ਜੋਤੀ ਸਰੂਪ ਦੀ ਜੋਤਿ ਸੇਤੀ ਤਿਸਦੀ ਜੋਤਿ ਰਲਕੇ ਘੁਲਮਿਲ ਘਿਚ ਹੋ ਜਾਂਦੀ ਹੈ। ਜਗਨ-ਜੋਤਿ ਦੀਵਾ ਬਲਕੇ ਉਸ ਦੇ ਘਟ ਅੰਤਰਿ ਤੇਜ਼-ਪਰਚੰਡ ਚਾਨਣ ਜਗ ਉਠਦਾ ਹੈ। ਉਸ ਨੂੰ ਜਮ ਕਾਲੁ ਜੋਹ ਨਹੀਂ ਸਕਦਾ। ਉਹ ਫਿਰ ਗਰਭ ਜੋਨ ਵਿਚ ਪੈ ਕੇ ਨਹੀਂ ਗਲਦਾ ਜੋ ਸਤਿਗੁਰੂ ਦੀ ਬਖਸ਼ਸ਼ ਨਾਲ ਵਾਹਿਗੁਰੂ ਸੇਤੀ ਮਿਲ ਜਾਂਦਾ ਹੈ।

ਯਥਾ ਗੁਰਵਾਕ :—

"ਸਤਿਗੁਰੁ ਅੰਮ੍ਰਿਤ ਬਿਰਖੁ ਹੈ ਅੰਮ੍ਰਿਤ ਰਸਿ ਫਲਿਆ ॥ ਜਿਸੁ ਪਰਾਪਤ ਸੋ ਲਹੈ ਗੁਰਸਬਦੀ ਮਿਲਿਆ ॥ ਸਤਿਗੁਰ ਕੈ ਭਾਣੈ ਜੋ ਚਲੈ ਹਰਿ ਸੇਤੀ ਰਲਿਆ ॥ ਜਮਕਾਲੁ ਜੋਹਿ ਨ ਸਕਈ ਘਟਿ ਚਾਨਣੁ ਬਲਿਆ ॥ ਨਾਨਕ ਬਖਸਿ ਮਿਲਾਇਨੁ ਫਿਰਿ ਗਰਭਿ ਨ ਗਲਿਆ ॥੨੦॥"

[ਵਾਰ ਸਾਰੰਗ]

ਗੁਰਆਈ ਪਦ ਦੀ ਵਿਸ਼ੇਸ਼ਤਾ ਗੁਰੂ ਬਾਣੀ ਨੂੰ ਹੈ, ਧੁਰੋਂ ਆਈ ਬਾਣੀ ਨੂੰ ਹੀ ਹੈ। ਸਤਿਗੁਰੂ ਭੀ ਧੁਰੋਂ ਆਏ ਗੁਰੂ ਹਨ, ਆਪੋਂ ਬਣੇ ਗੁਰੂ ਨਹੀਂ ਧੁਰੋਂ ਆਏ ਹੋਣ ਕਰ ਹੀ ਗੁਰੂ ਨੂੰ ਗੁਰਤੱਤਾ ਹੈ, ਧੁਰੋਂ ਆਈ ਹੋਣ ਕਰ ਹੀ ਬਾਣੀ ਗੁਰੂ ਰੂਪ ਹੈ। ਨਿਰੰਕਾਰ ਆਪ ਨਿਰੰਕਾਰੀ ਬਾਣੀ ਦੀ ਨਿਰੰਕਾ-ਰਤਾ ਪੂਰਤ ਗੁਰਤੱਤਾ ਦੀ ਸਮਰਥਤਾ ਸਹਿਤ ਆਕਾਰ ਧਾਰ ਕੇ ਸੰਸਾਰ ਵਿਖੇ ਆਇਆ ਤਾਂ ਹੀ ਗੁਰੂ ਕਹਾਇਆ, ਸਚਾ ਸਤਿਗੁਰੂ ਸਦਾਇਆ। ਨਿਰੰਕਾਰੀ ਨਾਮ ਗੁਰਮੰਤਰ (ਪਰਾ ਪੂਰਬਲਾ



www.AKJ.Org

ਸਤਿਨਾਮ ਗੁਰਮਤ ਨਾਮ) ਭੀ ਸਤਿਗੁਰੂ ਦੇ ਨਾਲ ਹੀ ਅਵਤਾਰ ਧਾਰਕੇ ਆਇਆ। ਸਤਿਗੁਰੂ ਕਲਾ-ਧਾਰੀ ਦੀ ਜਾਤ ਪਾਕ ਅੰਦਰ ਗੁਰੂ ਰੂਪ ਬਾਣੀ ਅਤੇ ਗੁਰਮੰਤ੍ਰ ਰੂਪ ਬਚਨ (ਗੁਰਮਤ ਨਾਮ) ਸਮ-ਸਰ ਪਾਰਸ ਕਲਾ, ਪਾਧਰ ਮੁਕਤ ਜਨਾਵਨਹਾਰ ਕਲਾ ਜੀਆਂ ਨੂੰ ਜੀਆਵਨਹਾਰ ਕਲਾ ਲੈ ਕੇ ਗੁਰੂ ਦੇ ਨਾਲੋ ਨਾਲ ਹੀ ਆਏ। ਗੁਰੂ ਰੂਪੀ ਗੁਰਬ-ਚਨ (ਨਾਮ ਗੁਰਮੰਤ੍ਰ) ਅਤੇ ਗੁਰਬਾਣੀ ਤਤ ਮੁਕਤੀ ਦਾ ਪਾਧਰ (ਸਚਾ ਮਾਰਗ) ਜਣਾਵਣਹਾਰ ਹੈ ਅਤੇ ਜੀਅਦਾਨ ਦੇ ਹਰਿ ਸਿਉਂ ਮਿਲਾਇ ਲੈਣ ਵਾਲੀ ਮੁਕਤ (ਮੁਕਤੀ) ਕਰਾਵਣਹਾਰ ਹੈ। ਤਾਂਤੇ ਗੁਰੂ ਦੇ ਸਚਿਆਰ ਸਿਖ ਸਤਿਗੁਰੂ, ਗੁਰੂ ਬਾਣੀ ਦੇ ਸਾਗਰ ਸਤਿਗੁਰੂ ਪਾਸੋਂ ਗੁਰਮੰਤਰ ਰੂਪੀ ਗੁਰ-ਬਚਨ ਲੈ ਕੇ ਅਤੇ ਸਿਮਰਨ ਦਾਤਿ ਪਦ ਦ੍ਰਿੜਾਕੇ ਸਾਸ ਗਿਰਾਸ ਖੜੇ ਖੜੋਏ, ਊਠਤ ਬੈਠਤ, ਸਫ਼ਰ ਮਾਰਗੀ ਪੰਧਾਂ ਵਿਚ ਪੈ ਕੇ ਤੁਰਦੇ ਫਿਰਦੇ ਕੰਮ ਕਾਜ ਵਿਚ ਬਿਚਰਦੇ, ਇਸ ਨਾਮ ਦੀ ਸਿਮਰਨ ਅਭਿਆਸ ਕਮਾਈ ਵਿਖੇ ਹਰ ਵਕਤ ਤਤਪਰ ਹੋਏ ਹੀ ਰਹਿੰਦੇ ਹਨ, ਤਾਂ ਜਾ ਕੇ ਘਾਲ ਥਾਇ ਪੈਂਦੀ ਹੈ। ਜੈਸਾ ਕਿ ਗੁਰਵਾਕ ਹੈ :—

"ਖਰੋ ਖਰੋਏ ਬੈਠਤ ਊਠਤ ਮਾਰਗਿ ਪੰਥਿ ਧਿਆਵੈਗੋ ॥ ਸਤਿਗੁਰ ਬਚਨ ਬਚਨ ਹੈ ਸਤਿਗੁਰ ਪਾਧਰੁ ਮੁਕਤਿ ਜਨਾਵਗੋ ॥ ੫ ॥

[ਕਾਨੜਾ ਅਸਟ: ਮ: ੪]

ਸਤਿਗੁਰੂ ਸ੍ਰੀ ਗੁਰੂ ਗਰੰਥ ਸਾਹਿਬ, ਜੀਅਨ ਕੋ ਦਾਤਾ ਹੈ। ਜੀਆਦਾਨ ਦਾ ਇਹ ਸਿਮਰਨ ਦੀ ਦਾਤ ਹੈ। ਸੋ ਐਸੀ ਦਾਤ ਦਾਤਾ ਸ੍ਰੀ ਗੁਰਦੇਵ ਗੁਰੂ, ਗੁਰੂ ਗ੍ਰੰਥ ਸਾਹਿਬ ਭਾਗਹੀਣਾਂ ਨੂੰ ਭਾਉਂਦਾ ਨਹੀਂ, ਉਹਨਾਂ ਦੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਉਤੇ ਗੁਰੂ ਵਾਲੀ ਭਾਵਨਾ ਹੀ ਨਹੀਂ ਬਝਦੀ। ਉਹ ਆਪਣਾ ਮਨੁਖਾ ਜਨਮ ਐਵੇਂ ਹੀ ਗਵਾ ਲੈਂਦੇ ਹਨ। ਪਰ ਇਹ ਵੇਲਾ ਉਹਨਾ ਦੇ ਫੇਰ ਹਥ ਨਹੀਂ ਆਉਣਾ, ਇਹ ਦੁਖੀ ਹੋ ਹੋ ਪਛੁਤਾ-ਉਂਦੇ ਹਨ। ਜੋ ਜਨ ਆਪਣਾ ਭਲਾ ਲੋਚਦੇ ਹਨ ਅਤੇ ਆਪਣੇ ਮਾਣਸ ਜਨਮ ਨੂੰ ਸਵਾਰਿਆ ਲੋੜਦੇ ਹਨ, ਉਹ ਹੋਰ ਦੇਹਧਾਰੀ ਗੁਰੂ ਤੋਂ ਬਚ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅਗੇ ਢਹਿ ਢਹਿ ਕੇ ਸਚੀ ਗੁਰੂ ਭਾਵਨਾ ਸੇਤੀ ਡੰਡਉਤ ਬੰਦਨਾਂ ਸੇਤੀ ਸਿਮਰਣ ਦਾਤ ਦੀਆਂ ਜੋਦੜੀਆਂ ਕਰਦੇ ਹਨ ਅਤੇ ਦਇਆਲੂ ਹੋਣ ਦੀ ਯਾਚਨਾ ਕਰਦੇ ਹਨ। ਮੁੜ ਮੁੜ ਸਤਿਗੁਰੂ, ਗੁਰੂ ਗ੍ਰੰਥ ਸਾਹਿਬ ਜੀ ਦੀ ਧੂੜ ਮਸਤਕ ਲਾਉਂਦੇ ਹਨ, ਤਿਨਾਂ ਨੂੰ ਸਿਮਰਨ ਦਾਤ ਦੀ ਸਮਾਈ ਹੁੰਦੀ ਹੈ।

ਯਥਾ ਗੁਰਵਾਕ :—

ਸਤਿਗੁਰੁ ਦਾਤਾ ਜੀਅ ਜੀਅਨ ਕੋ ਭਾਗਹੀਨ ਨਹੀ ਭਾਵੈਗੋ ॥ ਫਿਰਿ ਇਹ ਵੇਲਾ ਹਾਥਿ ਨ ਆਵੈ ਪਰਤਾਪੈ ਪਛੁਤਾਵੈਗੋ ॥ ੭ ॥ ਜੇ ਕੋ ਭਲਾ ਲੋੜੈ ਭਲ ਆਪਨਾ ਗੁਰ ਆਗੈ ਢਹਿ ਢਹਿ ਪਾਵੈਗੋ ॥ ਨਾਨਕ ਦਇਆ ਦਇਆ ਕਰਿ ਠਾਕੁਰ ਮੈ ਸਤਿਗੁਰ ਭਸਮ ਲਗਾਵੈਗੋ ॥ ੮ ॥

[ਕਾਨੜਾ ਅਸਟ: ਮ: ੪]

ਬਸ! ਉਹ ਇਸ ਪ੍ਰਕਾਰ ਦੀ ਪ੍ਰਾਰਥਨਾ ਕਰਦੇ ਰਹਿੰਦੇ ਹਨ, ਵਾਹਿਗੁਰੂ ਅਗੇ ਕਿ ਹੇ ਵਾਹਿਗੁਰੂ! ਆਪਣੀ ਦਇਆ ਕਰ, ਸਾਨੂੰ ਸਤਿ ਗੁਰੂ ਗੁਰੂ ਗ੍ਰੰਥ ਸਾਹਿਬ ਜੀ ਦੀ ਸ਼ਰਨ ਵਿਚ ਰਹਿਣ ਦੇ। ਹੋਰ ਕਿਸੇ ਦਰ ਤੇ ਡੋਲਣ ਡਿੱਗਣ ਨਾ ਹੋਵੇ। ਦੁਬਿਧਾ ਲੋਭ ਲਗੇ ਪ੍ਰਾਣੀਆਂ ਦੇ ਕੋਰ



www.AKJ.Org

ਨਿਕੋਰੇ ਪਨ ਉਤੇ ਅਲਪੱਗ ਦੇਹਧਾਰੀਆਂ ਗੁਰੂਆਂ ਦੀ ਦੀਖਿਆ ਦੁਆਰਾ ਭੀ ਆਤਮ਼ ਰੰਗ ਨਹੀਂ ਚੜ੍ਹਦਾ, ਉਹਨਾਂ ਦਾ ਤਨ ਜੋ ਮਾਇਆ ਦੇ ਪਾਹ ਨਾਲ ਪਾਹਿਆ ਗਿਆ ਹੁੰਦਾ ਹੈ। ਗੁਰੂ ਸਤਿਗੁਰੂ ਸਚੇ ਗੁਰਦੇਵ ਪੁਰਖ ਸ੍ਰੀ ਗੁਰੂ ਗਰੰਥ ਸਾਹਿਬ ਜੀ ਦੇ ਮਿਲਿਆਂ ਹੀ ਗੁਰ-ਬਚਨਾਂ ਦੁਆਰਾ ਆਤਮ ਰੰਗ ਚਲੂਲਾ ਚੜ੍ਹਦਾ ਹੈ । ਗੁਰਬਚਨਾਂ ਸਮਰਥ ਗੁਰਪੁਰਖਾਂ ਦੁਆਰਾ ਹੀ ਇਹ ਰੰਗ ਪਰਮਾਰਥੀ ਚੜ੍ਹਦਾ ਹੈ। ਸੋ ਗੁਰਬਚਨਾਂ ਦਾ ਭੰਡਾਰ ਗੁਰਬਾਣੀ ਦਾ ਬੋਹਿਥ ਗੁਰੂ ਸਮਰਥ ਪੁਰਖ ਪੂਰਨ ਹੈ ਤਾਂ ਸਿਰਫ ਸ੍ਰੀ ਗੁਰੂ ਗਰੰਥ ਸਾਹਿਬ ਜੀ ਹੀ ਹੈ।

ਯਥਾ ਗੁਰਵਾਕ :—

"ਦੁਬਿਧਾ ਲੋਭਿ ਲਗੇ ਹੈ ਪ੍ਰਾਣੀ ਮਨਿ ਕੋਰੈ ਰਗੁ ਨ ਆਵੈਗੋ ॥ ਫਿਰਿ ਉਲਟਿਓ ਜਨਮੁ ਹੋਵੈ ਗੁਰਬਚਨੀ ਗੁਰੁ ਪੁਰਖ ਮਿਲੈ ਰੰਗੁ ਲਾਵੈਗੋ ॥ ੨ ॥ ...ਨਾਨਕ ਗੁਰੁ ਗੁਰੁ ਹੈ ਸਤਿ ਗੁਰੁ ਮੈ ਸਤਿਗੁਰੂ ਸਰਨਿ ਮਿਲਾਵੈਗੋ । ੮ ॥ ੪ ॥ ]

[ਕਾਨੜਾ ਅਸਟ: ਮ: ੪]

ਸੋ ਗੁਰੂ ਨਾਨਕ ਸ੍ਰੀ ਦਸਮੇਸ਼ ਜੀ ਦਾ ਸਚਾ ਸਰੂਪ ਪਰਗਟ ਗੁਰਾਂ ਦੀ ਦੇਹ ਗੁਰੂ ਗਰੰਥ ਸਾਹਿਬ ਹੀ ਸਚਾ ਸਤਿਗੁਰੂ ਹੈ। ਜਿਸਦੀ ਸ਼ਰਨ ਪਿਆਂ ਜਿਸਦੀ ਚਰਨ ਸ਼ਰਨ ਆਇਆਂ, ਜਿਸ ਨੂੰ ਗੁਰੂ ਧਾਰਨ ਕਰਿਆਂ ਪੰਜਾਂ ਪਿਆਰਿਆਂ ਦੀ ਬਸੀਠੀ ਦੁਆਰਾ ਸ਼ਰਨ ਆਏ ਪ੍ਰਾਣੀ ਦਾ "ਸਤਿਗੁਰ ਕੇ ਜਨਮੇ ਗਵਨੁ ਮਿਟਾਇਆ" ॥ [ਰਾਮਕਲੀ ਮ: ੧] ਦੇ ਵਾਕ ਅਨੁਸਾਰ ਪਲਟਕੇ ਨਵਾਂ ਜਨਮ ਹੋ ਜਾਂਦਾ ਹੈ ।

ਪਿਛਲੇ ਗੁਰਵਾਕ ਵਿਖੇ ਆਈ ਪਿਛਲੀ ਤੁਕ "ਨਾਨਕ ਗੁਰੂ ਗੁਰੂ ਹੈ ਸਤਿਗੁਰੁ ਮੈ ਸਤਿਗੁਰੁ ਸਰਨਿ ਮਿਲਾਵੈਗੋ ॥" ਕੇਵਲ ਏਸ ਗਲ ਤੇ ਜ਼ੋਰ ਦਿੰਦੀ ਹੈ ਕਿ ਕੇਵਲ ਗੁਰੂ ਨਾਨਕ ਸਾਹਿਬ ਹੀ ਗੁਰੂ ਹੈ ਅਤੇ ਗੁਰੂ ਨਾਨਕ ਸਾਹਿਬ ਦੇ "ਜੋਤਿ ਓਹਾ ਜੁਗਤਿ ਸਾਇ ਸਹਿ ਕਾਇਆ ਫੇਰਿ ਪਲਟੀਐ" ਦੇ ਸਰੂਪ ਵਾਲੇ ਦਸੋ ਜਾਮੇ ਹੀ ਗੁਰੂ ਹਨ ਅਤੇ ਦਸ ਗੁਰੂ ਜਾਮਿਆਂ ਦਾ ਸ੍ਰੀ ਗੁਰੂ ਗਰੰਥ ਸਾਹਿਬ ਜੀ ਦੇ ਸਚੇ ਗੁਰੂ ਸਰੂਪ ਵਿਚ ਅਵਤਰਿਆ-'ਆਦ ਅੰਤ ਏਕੋ ਅਵਤਾਰਾ' ਅਵਤਾਰ ਰੂਪ ਜਾਮਾ ਹੀ ਸਚਾ ਗੁਰੂ ਗੁਰਦੇਵ ਸਤਿਗੁਰੂ ਹੈ ਬਸ ! ਹੋਰ ਕੋਈ ਦੇਹ ਧਾਰੀ ਜਾਮਾ ਗੁਰੂ ਨਹੀਂ ਸਦਾ ਸਕਦਾ। ਗੁਰੂ ਸਤਿਗੁਰੂ ਨਾਮ ਗੁਰ ਪਾਰਸ ਕਲਾ ਸੰਜੁਕਤ ਜਾਪਦਾ ਹੈ ਜਿਸ ਨੂੰ ਪਰਸ ਕੇ ਜਿਸ ਗੁਰੂ ਸ੍ਰੀ ਗੁਰੂ ਗਰੰਥ ਸਾਹਿਬ ਜੀ ਦੇ ਪਾਰਸ ਗੁਣਾਂ ਨੂੰ ਪਰਸ ਕੇ ਅਤੇ ਦਰਸ ਸਪਰਸ ਪਾਠ ਮਈ ਮਿਲਾਪ ਦੇ ਪਾਰਸ ਪ੍ਰਭਾਵ ਕਰਕੇ ਨਿਰਗੁਣਿਆਰੇ ਮਨੂਰ ਅਤੇ ਫਿਕੇ ਜੀਉੜਿਆਂ ਦੇ ਜੀਵਨ ਭੀ ਪਾਰਸ ਹੋ ਜਾਂਦੇ ਹਨ ।

ਯਥਾ ਗੁਰੂਵਾਕ—

"ਰਾਮੁ ਗੁਰੁ ਪਾਰਸੁ ਪਰਸੁ ਕਰੀਜੈ ॥ ਹਮ ਨਿਰਗੁਣੀ ਮਨੂਰ ਅਤਿ ਫੀਕੇ ਮਿਲਿ ਸਤਿਗੁਰ ਪਾਰਸੁ ਕੀਜੈ ॥ ੧ ॥"

[ਕਲਿਆਨ ਮ: ੪]

ਸਤਿਗੁਰੂ ਸ੍ਰੀ ਗੁਰੂ ਗਰੰਥ ਸਾਹਿਬ ਅੰਮ੍ਰਿਤ ਗਿਆਨ ਗੁਣਾਂ ਪੂਰਤ ਗੁਣਤਾਸ ਗੁਰੂ ਹੈ, ਸਚਾ ਸੰਤੋਖ ਸਰਤਾਸ ਗੁਰੂ ਹੈ। ਅੰਮ੍ਰਿਤ ਨੀਰ ਗੁਰ ਗਿਆਨ ਅੰਜਨੀ ਸਚਾ ਤੀਰਥ ਸਰੋਵਰ ਹੈ । ਜਿਸ ਵਿਚ ਗੁਰ ਉਪਦੇਸ਼ ਮਈ ਲਾਲ ਹੀਰੇ ਜਵਾਹਰ ਮਾਣਕ ਭਰੇ ਪਏ ਹਨ। ਜਿਨ੍ਹਾਂ ਨੂੰ ਕਿ



www.AKJ.Org

ਵਡਭਾਗੀ ਵਿਰਲੇ ਸੇਵਕ ਸਿਖ ਸੰਤ ਜਨ ਹੀ ਖੋਜ ਕੇ ਲਭ ਲੈਂਦੇ ਹਨ।

ਯਥਾ ਗੁਰਵਾਕ ;—

"ਅੰਮ੍ਰਿਤ ਨੀਰੁ ਗਿਆਨਿ ਮਜਨੁ ਅਠਸਠ ਤੀਰਥ ਸੰਗ ਗਹੇ ॥ ਗੁਰ ਮਨਉਪਦੇਸਿ ਜਵਾਹਰ ਮਾਣਕ ਸੇਵੇ ਸਿਖੁ ਸੋ ਖੋਜਿ ਲਹੈ ॥ ੧ ॥ ਗੁਰ ਸਮਾਨ ਤੀਰਥੁ ਨਹੀ ਕੋਇ ॥ ਸਰੁ ਸੰਤੋਖੁ ਤਾਸ ਗੁਰੁ ਹੋਇ ॥ ੧ ॥ ਰਹਾਉ ॥"

[ਪ੍ਰਭਾਤੀ ਮ: ੧]

ਸੋ ਸਿਧ ਹੋਇਆ ਕਿ ਗੁਰਬਾਣੀ ਰੂਪੀ ਅੰਮ੍ਰਿਤ ਗੁਣਾਂ ਦਾ ਤਾਸੁ (ਥਾਲ, ਮਾਲਕ) ਗੁਰੂ, ਗੁਰੂ ਗਰੰਥ ਸਾਹਿਬ ਹੀ ਕਲਜੁਗ ਵਿਚ ਐਸਾ ਸਚਾ ਆਤਮ ਮਜਨੀ ਤੀਰਥ ਪ੍ਰਗਟ ਹੋਇਆ ਹੈ ਜਿਸ ਸਮਾਨ ਹੋਰ ਕੋਈ ਤੀਰਥ ਨਹੀਂ। ਹਿੰਦਵੋਣ ਦੇ ਅਠਸਠ ਤੀਰਥਾਂ ਦਾ ਫਲ ਇਸ ਗੁਣਤਾਸ ਗੁਰੂ ਸਰ ਤੀ-ਰਥ ਦੇ ਮਜਨ ਕੀਤਿਆਂ ਸਹਿਜ ਹੀ ਪ੍ਰਾਪਤ ਹੋ ਜਾਂਦਾ ਹੈ। ਗੁਣਤਾਸ ਗੁਰੂ ਸ੍ਰੀ ਗੁਰੂ ਗਰੰਥ ਸਾ-ਹਿਬ ਜੀ ਵਿਖੇ ਭਰਪੂਰ ਲੀਣੇ ਗੁਰ ਸ਼ਬਦ, ਗੁਰ ਉਪਦੇਸ਼ ਦੁਆਰਾ ਹੀ ਭਰਮ ਭੁਲੇ ਸੰਸਾਰੀ ਜੀਵਾਂ ਦੇ ਮਨ ਸਮਝਦੇ ਸੀਝਦੇ ਹਨ। ਪਾਪਾਂ ਨਾਲ ਮਨੂਰ ਹੋਏ ਹੋਏ ਮਨ, ਜਨਮ ਜਨਮ ਦੀ ਮੈਲ ਨਾਲ ਮਲੀਨ ਹੋਏ ਹੋਏ ਮਨ, ਕੇਵਲ ਧੁਰਕੀ ਆਦੀ ਬਾਣੀ ਮਈ ਗੁਣਾਂ ਦੀ ਪਾਰਸ ਛੋਹ ਰਗੜ ਦੁਆਰਾ ਹੀ ਪਰਸੇ ਹੋਏ ਪਾਰਸ ਚੰਦਨ, ਕੰਚਨ ਚੰਦਨ ਹੁੰਦੇ ਹਨ। ਐਂਵੇਂ ਅਲਪੱਗ ਦੇਹਧਾਰੀਆਂ ਦੀਆਂ ਗਲਾਂ ਬਾਤਾਂ, ਕਥਾਂ ਕਥੋਲੀਆਂ ਨਾਲ ਨਹੀਂ ਹੁੰਦੇ। "ਭੂਲਾ ਮਨੁ ਸਮਝੈ ਗੁਰਸਬਦੀ ਹਰਿ ਹਰਿ ਸਦਾ ਧਿਆਇ" ਵਾਲਾ ਗੁਰ ਫੁਰਮਾਨ ਸੱਤ ਹੈ। ਗੁਰੂ ਸਤਿਗੁਰੂ ਸ੍ਰੀ ਗੁਰੂ ਗਰੰਥ ਸਾਹਿਬ ਹੀ ਸਚਾ ਗੁਰਸਜਨ ਹੈ, ਜਿਸ ਨੂੰ ਮਿਲ ਕੇ ਹਰਿ ਨਾਮ ਧਿਆਇ ਸਕੀਦਾ ਹੈ। ਗੁਰੂ ਸਤਿਗੁਰੂ ਸ੍ਰੀ ਗੁਰੂ ਗਰੰਥ ਸਾਹਿਬ ਅੰਮ੍ਰਿਤ ਮਈ ਪਾਰਸ ਗੁਣਾਂ ਦਾ ਬੋਹਲ ਹੈ, ਜਿਸ ਨਾਲ ਗੁਰਸਿਖੀ ਦੇ ਸਚੇ ਰਿਸ਼ਤੇ ਦੀ ਸਾਂਝ ਪਾਕੇ ਹਰੀ ਗੁਣ ਗਾ ਸਕੀਦੇ ਹਨ ਅਤੇ ਗੁਰੂ ਗਰੰਥ ਸਾਹਿਬ ਹੀ ਸਚਾ ਗੁਣਤਾਸ ਗੁਰੂ ਗੁਰਦੇਵ ਹੈ, ਜਿਸ ਪਾਸੋਂ ਹਰੀ ਗੋਸ਼ਟ ਗੁੰਫੀ ਜਾ ਸਕਦੀ ਹੈ। ਜਿਸ ਗੋਸ਼ਟ ਨੂੰ ਗੁੰਫ ਗੁੰਫ ਕੇ, ਸੁਣ ਸੁਣਕੇ ਹੀ ਗੋਸ਼ਟ ਗੁੰਫਣ ਸੁਨਨਹਾਰੇ ਤੇ ਗੁਣ ਗਾਵਣ ਹਾਰੇ ਦਾ ਜੀਉੜਾ ਅਮਰ ਜੀਉਣੀ ਸੁਰਜੀਤਤਾ ਪਾ ਕੇ ਕਲੀ ਫੂਲ ਹੋ ਜਾਂਦਾ ਹੈ।

ਅਤੇ ਜਿਨ੍ਹਾਂ ਗੁਣਾਂ ਨੂੰ ਗੁਰਬਾਣੀ ਗੁਰਉਪ-ਦੇਸ਼ ਗੁਰ ਗੋਸ਼ਟ ਮਈ ਅੰਮ੍ਰਿਤ ਗੁਣਾਂ ਨੂੰ ਵਿਸਰਨ ਸਾਰ ਹੀ ਜੀਊੜਾ ਮੁਰਝਾ ਜਾਂਦਾ ਹੈ ਉਨ੍ਹਾਂ ਹਰੀ ਗੁਣਾ ਨੂੰ ਸੰਮਾਲਨਾ, ਗੁਣਾਂ ਦੇ ਸੁਆਮੀ ਵਾਹਿਗੁਰੂ ਨੂੰ ਸੰਮਾਲਨਾ ਹੈ। ਹਰੀ ਗੁਣਾਂ ਨੂੰ ਵਿਸਰਨਾ ਗੁਣੀ ਵਾਹਿਗੁਰੂ ਨੂੰ ਵਿਸਰ ਜਾਣਾ ਹੈ। ਸੋ ਸ੍ਰੀ ਗੁਰੂ ਗਰੰਥ ਸਾਹਿਬ ਜੀ ਦੀ ਸਰਨ ਲਿਆਂ ਅਰ-ਥਾਤ ਗੁਰਬਾਣੀ ਕਹਿਆਂ, ਸੁਣਿਆਂ, ਗੁਣਿਆਂ, ਗਾਵਿਆਂ ਹੀ ਵਾਹਿਗੁਰੂ ਸੁਆਮੀ ਦੀ ਕਦੇ ਨਾ ਵਿਸਰਨਹਾਰੀ ਸਮੀਪਤਾ, ਸਨਮੁਖਤਾ ਪ੍ਰਾਪਤ ਹੁੰਦੀ ਹੈ। ਏਸ ਭਾਵ ਪ੍ਰਥਾਇ ਹੀ ਅਜਿਹੇ ਗੁਰਵਾਕ ਉਚਾਰਨ ਹੋਏ ਹਨ ਜੋ ਸ੍ਰੀ ਗੁਰੂ ਗਰੰਥ ਸਾਹਿਬ ਜੀ ਦੀ ਅਨਿੰਨ ਉਪਾਸ਼ਨਾ ਸਿਧ ਕਰਾਉਂਦੇ ਹਨ।

ਯਥਾ:

"ਗੁਰੁ ਸਜਣੁ ਮੇਰਾ ਮੇਲਿ ਹਰੇ ਜਿਤੁ ਮਿਲਿ ਹਰਿ ਨਾਮੁ ਧਿਆਵਾ ॥ ਗੁਰ ਸਤਿਗੁਰ ਪਾਸਹੁ



www.AKJ.Org

ਹਰਿ ਗੋਸਟਿ ਪੂਛਾਂ ਕਰਿ ਸਾਂਝੀ ਹਰਿ ਗੁਣ ਗਾਵਾਂ ॥ ਗੁਣ ਗਾਵਾਂ ਨਿਤ ਨਿਤ ਸਦ ਹਰਿ ਕੇ ਮਨੁ ਜੀਵੈ ਨਾਮੁ ਸੁਣਿ ਤੇਰਾ ॥ ਨਾਨਕ ਜਿਤੁ ਵੇਲਾ ਵਿਸਰੈ ਮੇਰਾ ਸੁਆਮੀ ਤਿਤੁ ਵੇਲੈ ਮਰਿ ਜਾਇ ਜੀਉ ਮੇਰਾ ॥ ੫ ॥"

[ਵਡਹੰਸ ਮਹਲਾ ੪]

ਵਾਹਿਗੁਰੂ ਨੂੰ ਵੇਖਣ ਲਈ ਸਭ ਕੋਈ ਲੋਚਦਾ ਹੈ ਅਤੇ ਵਾਹਿਗੁਰੂ ਨੂੰ ਵਿਖਾਵਣ, ਮਿਲਾਵਣ ਦੇ ਦਾਅਵੇ ਭੀ ਹਰ ਕੋਈ ਦੇਹਧਾਰੀ ਗੁਰੂ ਬੰਨ੍ਹ ਬੈਠਦਾ ਹੈ। ਪਰ ਵਾਹਿਗੁਰੂ ਨੂੰ ਵੇਖਦਾ ਤੇ ਮਿਲਦਾ ਸੋਈ ਹੈ, ਜਿਸ ਨੂੰ ਆਪ ਵਾਹਿਗੁਰੂ ਵਿਖਾਲੇ ਤੇ ਮਿਲਾਵੇ। ਜਿਸ ਜਨ ਉਤੇ ਵਾਹਿਗੁਰੂ ਦੀ ਨਜ਼ਰ ਹੁੰਦੀ ਹੈ, ਜਿਸ ਜਨ ਤਾਂਈ ਵਾਹਿਗੁਰੂ ਨੂੰ ਆਪਣਾ ਆਪ ਵਿਖਾਲਣਾ ਅਤੇ ਆਪਣਾ ਮਿਲਾਪ ਕਰਾਉਣਾ ਮਨਜ਼ੂਰ ਹੈ, ਸੋ ਜਨ ਵਾਹਿਗੁਰੂ ਦਾ ਨਾਮ ਸਦਾ ਸਦਾ ਸੰਮਾਲਦਾ ਹੈ ਅਤੇ ਵਾਹਿਗੁਰੂ ਦਾ ਨਾਮ ਸਦਾ ਸਦਾ ਸਿਰਫ ਸੋਈ ਜਨ ਸੰਮਾਲਦਾ ਹੈ, ਜਿਸ ਨੂੰ ਵਾਹਿਗੁਰੂ ਦੀ ਨਦਰ ਮਿਹਰ ਦੁਆਰਾ ਸ ਤਗੁਰੂ ਪੂਰਾ ਮਿਲ ਜਾਂਦਾ ਹੈ। ਪੂਰਾ ਤੇ ਸਚਾ ਗੁਰੂ ਗੁਣਤਾਸ, ਗੁਰੂ ਨਾਨਕ ਜੋਤ ਜੁਗਤਾਸ ਗੁਰੂ, ਗੁਰੂ ਨਾਨਕ ਦਸਮੇਸ਼ ਗੁਰਗੱਦੀ ਤੇ ਵਾਹਿਗੁਰੂ ਦੀ ਰਜ਼ਾ ਅਨੁਸਾਰ ਟਿਕਿਆ ਗੁਰੂ ਸ੍ਰ ਗੁਰੂ ਗ੍ਰੰਥ ਸਾਹਿਬ ਹੈ। ਐਸੇ ਗੁਰਦੇਵ ਗੁਰੂ ਕੇਵਲ ਏਸੇ ਜਤਿਗੁਰੂ ਸਚੇ ਪਾਤਸ਼ਾਹ ਦੀ ਦੀਖਿਆ ਦੁਆਰਾ ਸਿਮਰਨ ਵਿਚ ਅਰੂੜ ਹੋਇਆ ਹੋਇਆ ਹਰਿਜਨ ਵਾਹਿਗੁਰੂ ਨੂੰ ਜਪ ਜਪ ਕੇ ਵਾਹਿਗੁਰੂ ਦੀ ਜੋਤ ਨਾਲ ਹੀ ਰਲ ਗਿਆ ਹੈ ਅਤੇ ਜੋਤੀ ਜੋਤ ਨਾਲ ਰਲਕੇ ਹਰੀ ਤੇ ਹਰੀ ਜਨ ਦੋਇ ਇਕ ਹੋ ਜਾਂਦੇ ਹਨ, ਜੈਸਾ ਕਿ ਗੁਰਵਾਕ ਭਾਵ ਹੈ:

"ਹਰਿ ਵੇਖਣ ਕਉ ਸਭੁ ਕੋਈ ਲੋਚੈ ਸੋ ਵੇਖੈ ਜਿਸੁ ਆਪਿ ਵਿਖਾਲੇ॥ ਜਿਸਨੋ ਨਦਰਿ ਕਰੇ ਮੇਰਾ ਪਿਆਰਾ ਸੋ ਹਰਿ ਹਰਿ ਸਦਾ ਸਮਾਲੇ ॥ ਸੋ ਹਰਿ ਹਰਿ ਨਾਮੁ ਸਦਾ ਸਦਾ ਸਮਾਲੇ ਜਿਸੁ ਸਤਿਗੁਰੂ ਪੂਰਾ ਮੇਰਾ ਮਿਲਿਆ ॥ ਨਾਨਕ ਹਰਿ ਜਨ ਹਰਿ ਇਕੇ ਹੋਏ ਹਰਿ ਜਪਿ ਹਰਿ ਸੇਤੀ ਰਲਿਆ ॥ ੬ ॥"

[ਵਡਹੰਸ ਮ: ੪]

ਸੋ ਇਸ ਗੁਰਵਾਕ ਅੰਦਰ ਦਰਸਾਏ ਪਦ ਨੂੰ ਕੋਈ ਦੇਹਧਾਰੀ ਗੁਰੂ ਨਹੀਂ ਪੁਜ ਸਕਦਾ ਨਾ ਕਿਸੇ ਨੂੰ ਪੁਜਾ ਸਕਦਾ ਹੈ. ਏਥੇ ਤਾਂ ਗੁਰੂ ਸਤਿਗੁਰੂ ਨਾਨਕ ਦੇਵ ਜੀ ਦੀ ਸਚੀ ਟਕਸਾਲ ਦਾ ਸ਼ਬਦ ਸਿਮਰਨੀ ਦਾਤ ਵਾਲਾ ਸਿੱਕਾ ਹੀ ਪ੍ਰਧਾਨ ਹੈ ਅਤੇ ਸਰਬ ਗੁਣਾਂ ਸੰਪੰਨ ਹੈ।

ਵਾਹਿਗੁਰੂ ਅਕਾਲ ਪੁਰਖ ਦੇ ਗੁਰੂ ਰੂਪ ਗੁਣਾਂ ਦਾ ਤਾਸੁ (ਥਾਲੁ) ਸ੍ਰੀ ਗੁਰੂ ਗ੍ਰੰਥ ਸਾਹਿਬ ਹੈ, ਅਕਾਲੀ ਬਾਣੀ ਰੂਪੀ ਗੁਣ ਹੀ ਗੁਰੂ ਸਰੂਪ ਹਨ। ਅਕਾਲੀ ਗੁਣ ਅਤੇ ਗੁਰਬਾਣੀ ਇਕੋ ਗਲ ਹੈ ਅਤੇ ਬਾਣੀ "ਗੁਰੂ ਗੁਰੂ ਹੈ ਬਾਣੀ" ਵਾਲੇ ਗੁਰਵਾਕ ਦੇ ਭਾਵ ਅਨੁਸਾਰ ਗੁਣੀ ਦੇ ਗੁਣ ਹੀ ਗੁਰੂ ਸਰੂਪ ਹਨ, ਤਾਂ ਹੀ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਗੁਣਤਾਸ ਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤੋਂ ਬਿਨਾਂ ਹੋਰ ਕੋਈ ਦੇਹ ਧਾਰੀ ਗੁਰੂ-ਪਦਵੀ ਦਾ ਹੱਕਦਾਰ ਨਹੀਂ ਨਾ ਹੀ ਅਜੇਹਾ ਕੋਈ ਗੁਰੂ ਸਿਮਰਨ ਦੀ ਦਾਤ ਦਾ ਦਾਤਾ ਬਣਨ ਦਾ ਅਧਿਕਾਰੀ ਹੈ। ਐਸਾ ਸਤਿਗੁਰੂ ਪੂਰਾ ਨਾਮ ਦਾ ਦਾਤਾ ਕੇਵਲ ਸ੍ਰੀ ਗੁਰੂ ਗ੍ਰੰਥ ਸਾਹਿਬ ਹੈ, ਜਿਸਦੀ ਸਰਨੀ ਗੁਰੂ ਭਾਵਨਾ ਸੇਤੀ ਔਣ



www.AKJ.Org

ਕਰ ਹੀ ਏਕ ਸਚਾ ਨਾਮ ਗੁਰਮੰਤ੍ਰ ਰੂਪੀ ਸਿਮਰਨ ਦ੍ਰਿੜ ਹੁੰਦਾ ਹੈ ਅਤੇ ਜਿਸ ਦੇ ਦ੍ਰਿੜਾਏ ਗੁਰਮੰਤ੍ਰ ਰੂਪੀ ਅਉਖਧ ਉਰਧਾਰਿਆਂ ਹੀ ਮੋਹ ਸੋਗ ਰੂਪੀ ਰੋਗ ਅਤੇ ਅਗਿਆਨ ਰੂਪੀ ਭਰਮ ਅੰਧੇਰੇ ਮਿਟਦੇ ਹਨ, ਜਿਸ ਸਿਮਰਨ ਦੀ ਦਾਤ ਨੂੰ ਅਗਣਤ ਦੇਵੀ ਦੇਵਤੇ ਪਏ ਤਰਸਦੇ ਅਤੇ ਭਟਕਦੇ ਫਿਰਦੇ ਹਨ। ਜਿਸ ਨਾਮ ਦੀ ਸੇਵਾ ਪੂਜਾ ਅਰਾਧਨਾ ਮਈ ਅਕਾਂਖਿਆ ਸੇਤੀ ਸਗਲ ਮਤ ਮਤਾਂਤਰੀ ਭਗਤ ਜਨ ਨਾਨਾ ਪ੍ਰਕਾਰ ਦੀ ਭਗਤੀ ਦੀਆਂ ਉਕਤੀਆਂ ਜੁਗਤੀਆਂ ਮਈ ਜੋਗ ਸਾਧਨਾ ਕਰਦੇ ਹਨ, ਐਸਾ ਅਨਾਥਾਂ ਦਾ ਨਾਥ ਅਤੇ ਦੀਨਾਂ ਦਾ ਦੂਖ ਭੰਜਨ ਨਾਮ ਕੇਵਲ ਗੁਰੂ ਘਰ ਵਿਚੋਂ ਗੁਰੂ ਨਾਨਕ ਦਸਮੇਸ਼ ਦੇ ਘਰ ਵਿਚੋਂ ਦਸੋਂ ਪਾਤਸ਼ਾਹੀਆਂ ਦੇ ਸਰੂਪ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਦਰ ਦਰਗਾਹੀ ਦਰਬਾਰੋਂ ਹੀ ਲਭਦਾ ਹੈ। ਏਸ ਗੁਰੂ ਘਰ ਬਿਨਾਂ ਨਾਮ ਦੇ ਲੱਭਣ ਦਾ ਦੁਆਰਾ ਹੋਰ ਕੋਈ ਹੈ ਹੀ ਨਹੀਂ, ਉੱਕਾ ਹੀ ਨਹੀਂ ਹੈ। ਜੇ ਕੋਈ ਲਭਣਹਾਰਾ ਨਾਮ ਦਾ ਮੁਤਲਾਸ਼ੀ ਤਿੰਨ ਲੋਕ ਚੌਦਾਂ ਭਵਨਾਂ ਵਿਖੇ ਸਾਰੀ ਉਮਰ ਹੀ ਢੂੰਢਦਾ ਫਿਰੇ, ਉਸ ਨੂੰ ਨਾਮ ਦੀ ਸੱਚੇ ਨਾਮ ਦੀ ਰੰਚਕ ਭੀ ਸੂਝ ਬੂਝ ਨਹੀਂ ਪੈ ਸਕਦੀ।

ਏਹ ਸਤਿਗੁਰੂ (ਸ੍ਰੀ ਗੁਰੂ ਗ੍ਰੰਥ ਸਾਹਿਬ) ਹੀ ਸੱਚਾ ਸ਼ਾਹ ਹੈ, ਸ਼ਾਹਾਂ ਸਿਰ ਸੱਚਾ ਪਾਤਸ਼ਾਹ ਹੀ ਹੈ ਜੋ ਨਾਮ ਰੂਪੀ ਸਚੇ ਭੰਡਾਰ ਦਾ ਮਾਲਕ ਹੈ। ਏਹ ਨਾਮੁ ਰੂਪੀ ਰਤਨ ਜਵੇਹਰ ਮਾਣਕ ਹੀਰਾ ਏਸੇ ਸਤਿਗੁਰੂ ਦੇ ਦੁਆਰਿਓਂ ਹੀਪਾਈਦਾ ਹੈ ਹੋਰ ਕਿਸੇ ਦੁਆਰੇ ਤੋਂ ਇਸ ਦੀ ਸੂਝ ਬੂਝ ਨਹੀਂ ਪੈਂਦੀ। ਮੁਸ਼ਕ ਮਾਤਰ ਭੀ ਸਚੇ ਨਾਮ ਦੀ ਸੂਝ ਬੂਝ ਹੋਰ ਕਿਤੋਂ ਨਹੀਂ ਪੈ ਸਕਦੀ, ਜਿਸ ਦੀ ਧੂੜੀ ਹੀ ਪਾਤਿਤਾਂ ਪਾਤਿਕਾਂ ਨੂੰ ਪਵਿਤਰ ਪੁਨੀਤ ਕਰਨ ਹਾਰੀ ਹੈ, ਜਿਸ ਦੀ ਧੂੜੀ ਨੂੰ ਸੁਰ ਨਰ ਦੇਵ ਲੋਚਦੇ ਹਨ, ਪਰ ਪ੍ਰਾਪਤ ਕਰਨੋਂ ਅਸਮਰਥ ਹਨ ਸੋ ਐਸਾ ਸੱਤਿਪੁਰਖ ਪਰਮੇਸ਼ਰ ਰੂਪ ਸਤਿਗੁਰੂ ਹੀ ਹੈ। ਇਸ ਸਤਿਗੁਰੂ (ਸ੍ਰੀ ਗੁਰੂ ਗ੍ਰੰਥ ਸਾਹਿਬ ਜੀ) ਦੀ ਪਾਰਸ ਰਸਾਇਣੀ ਧੂੜੀ ਨੂੰ ਪਰਸਕੇ ਅਤੇ ਇਸ ਸਤਿਗੁਰ ਨੂੰ ਭੇਟਕੇ ਹੀ ਭਵਜਲੋਂ ਪਾਰ ਪਰੀਦਾ ਹੈ, ਐਵੇਂ ਨਹੀਂ। ਇਸ ਗੁਰ ਪੂਰੇ ਦੀ ਸੇਵਾ ਤੋਂ ਇਸ ਗੁਰ ਪੂਰੇ ਦੇ ਦ੍ਰਿੜਾਏ ਨਾਮ ਦੀ ਪਾਰਸ ਰਸਾਇਣੀ ਕਮਾਈ ਤੋਂ ਹੀ ਸਚੀ ਸੰਤੋਖ ਤ੍ਰਿਪਤੀ ਆਉਂਦੀ ਹੈ, ਇਸ ਗੁਰੂ ਦੇ ਦਰਬਾਰ ਤੋਂ ਹੀ ਮਨ ਲੋੜੰਦੜੀ ਪਾਰਜਾਤ ਅਤੇ ਸੋਭ ਸੋਹੰਦੜੀ ਕਾਮਧੇਨ ਪ੍ਰਾਪਤ ਹੁੰਦੀ ਹੈ। ਏਸ ਸਚੇ ਅਤੇ ਪੂਰੇ ਗੁਰੂ ਦੇ ਦੁਆਰਿਓਂ ਪ੍ਰਾਪਤ ਹੋਇਆ ਨਾਮ ਗੁਰਮੰਤ੍ਰ ਰੂਪੀ ਸ਼ਬਦ ਐਸਾ ਰਸਾਇਣ ਚੁੰਬਕੀ ਮਾਰਣ ਦਾਰੂ ਹੈ ਜਿਸ ਦੇ ਗੁਰਮਤਿ ਬਿਧੀ ਸੰਯੁਕਤਿ ਸੇਵਨ ਕੀਤਿਆਂ (ਵਰਤਿਆਂ) ਪੰਜਾਂ ਦੂਤਾਂ ਦੇ ਮੂਲ ਪੰਜੇ ਧਾਤੂ ਹੀ ਮਰ ਜਾਂਦੇ ਹਨ ਅਤੇ ਇਨ੍ਹਾਂ ਧਾਤੂਆਂ ਦਾ ਕੁਸ਼ਤਾ ਹੋ ਕੇ ਪਾਰਬ੍ਰਹਮ ਪਰਮੇਸ਼ਰ ਦਾ ਸਚਾ ਭਾਉ ਭਾਵਨੀ ਰੂਪ ਅਤੇ ਨਿਰਮਲ ਭੈ ਰਿਦੇ ਵਿਚ ਉਪਜ ਉਗਵ ਆਉਂਦਾ ਹੈ। ਹੋਰ ਪਾਰਸ ਤਾਂ ਦੂਜੀਆਂ ਧਾਤਾਂ ਨੂੰ ਪਰਸ ਕੇ ਸੋਨਾ ਬਣਾਉਂਦੇ ਹਨ, ਪ੍ਰੰਤੂ ਸਤਿਗੁਰੂ ਐਸਾ ਅਕਸੀਰ ਰਸਾਇਣੀ ਪਾਰਸ ਹੈ ਕਿ ਇਸ ਨੂੰ ਪਰਸਨ ਹਾਰਾ ਭੀ ਪਾਰਸ ਹੀ ਹੋ ਜਾਂਦਾ ਹੈ। ਸਤਿਗੁਰੂ ਪਾਰਸ ਨੂੰ ਭੇਟਣ (ਪਰਸਣ) ਹਾਰੇ ਅਨੇਕਾਂ ਆਤਮਕ (ਸਤਿਗੁਰ ਕੇ ਜਨਮੇ) ਜੀਵਨ ਪਾਰਸ ਕਰਕੇ ਸਤਿਗੁਰੂ ਨੇ ਪਰਤਖ



www.AKJ.Org

(ਹਸਤਾਮਲ ਵਤ) ਦਿਖਾ ਦਿਤੇ ਹਨ।

ਯਥਾ ਗੁਰਵਾਕ :—

ਗੁਰ ਪੂਰੇ ਕੀ ਪਉ ਸਰਣਾਈ ॥ ਮੋਹੁ ਸੋਗੁ ਸਭੁ ਭਰਮੁ ਮਿਟਾਈ ॥ ਏਕੋ ਮੰਤ੍ਰੁ ਦ੍ਰਿੜਾਏ ਅਉਖਧੁ ਸਚੁ ਨਾਮੁ ਰਿਦ ਗਾਇਣਾ ॥ ੨ ॥ ਜਿਸੁ ਨਾਮੇ ਕਉ ਤਰਸਹਿ ਬਹੁ ਦੇਵਾ ॥ ਸਗਲ ਭਗਤ ਜਾਕੀ ਕਰਦੇ ਸੇਵਾ ॥ ਅਨਾਥਾ ਨਾਥੁ ਦੀਨ ਦੁਖ ਭੰਜਨੁ ਸੋ ਗੁਰ ਪੂਰੇ ਤੇ ਪਾਇਣਾ ॥ ੩ ॥ ਹੋਰੁ ਦੁਆਰਾ ਕੋਇ ਨ ਸੂਝੈ ॥ ਤ੍ਰਿਭਵਣ ਧਾਵੈ ਤਾ ਕਿਛੂ ਨ ਬੂਝੈ ॥ ਸਤਿਗੁਰੁ ਸਾਹੁ ਭੰਡਾਰੁ ਨਾਮੁ ਜਿਸੁ ਇਹੁ ਰਤਨੁ ਤਿਸੈ ਤੇ ਪਾਇਣਾ ॥ ੪ ॥ ਜਾਕੀ ਧੂਰਿ ਕਰੇ ਪੁਨੀਤਾ ॥ ਸੁਰਿ ਨਰ ਦੇਵ ਨ ਪਾਵਹਿ ਮੀਤਾ ॥ ਸਤਿ ਪੁਰਖੁ ਸਤਿਗੁਰੁ ਪਰਮੇਸਰੁ ਜਿਸੁ ਭੇਟਤ ਪਾਰਿ ਪਰਾਇਣਾ ॥ ੫ ॥ ਪਾਰਜਾਤੁ ਲੋੜਹਿ ਮਨ ਪਿਆਰੇ ॥ ਕਾਮਧੇਨੁ ਸੋਹੀ ਦਰਬਾਰੇ ॥ ਤ੍ਰਿਪਤਿ ਸੰਤੋਖੁ ਸੇਵਾ ਗੁਰ ਪੂਰੇ ਨਾਮੁ ਕਮਾਇ ਰਸਾਇਣਾ ॥ ੬ ॥ ਗੁਰ ਕੈ ਸਬਦਿ ਮਰਹਿ ਪੰਚ ਧਾਤੂ ॥ ਭੈ ਪ ਰਬ੍ਰਹਮ ਹੋਵਹਿ ਨਿਰਮਲਾ ਤੇ ॥ ਪਾਰਸੁ ਜਬ ਭੇਟੇ ਗੁਰੁ ਪੂਰਾ ਤਾਂ ਪਾਰਸੁ ਪਰਸਿ ਦਿਖਾਇਣਾ ॥ ੭ ॥

[ਮਾਰੂ ਸੋ: ਮ: ੫]

ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਐਸੇ ਪਾਰਸ ਗੁਣਾ ਦਾ ਤਾਸ (ਗੁਣਤਾਸ ਗੁਰੂ ਹੈ) ਜਿਨ੍ਹਾਂ ਗੁਣਾਂ ਦੇ ਕਹਿਣ, ਸੁਨਣ, ਗਾਵਨ, ਪੜ੍ਹਨ ਦੀ ਪਾਰਸ ਕਲਾ ਦੁਆਰਾ ਗੁਣ ਪਰਸਨ (ਭੇਟਣ) ਹਾਰਾ (ਅਰਥਾਤ ਗੁਣ ਕਹਿਣ, ਕਥਨ ਮਥਨ, ਰਟਨਹਾਰਾ) ਗੁਣੀ ਵਾਹਿਗੁਰੂ ਵਿਖੇ ਜਾਇ ਸਮਾਉਂਦਾ ਹੈ।

ਯਥਾ ਗੁਰਵਾਕ :—

"ਸੇ ਜਨ ਮਿਲੇ ਧੁਰਿ ਆਪਿ ਮਿਲਾਏ ॥ ਸਾਚੀ ਬਾਣੀ ਸਬਦਿ ਸੁਹਾਏ ॥ ਨਾਨਕ ਜਨੁ ਗੁਣ ਗਾਵੈ ਨਿਤ ਸਾਚੇ ਗੁਣ ਗਾਵਹ ਗੁਣੀ ਸਮਾਹਾ ਹੇ ॥"

ਤਥਾ—

"ਏਹ ਕਾਇਆ ਪਵਿਤੁ ਹੈ ਸਰੀਰੁ ॥ ਗੁਰਸਬਦੀ ਚੇਤੈ ਗੁਣੀ ਗਹੀਰ ॥ ਅਨਦਿਨੁ ਗੁਣ ਗਾਵੈ ਰੰਗਿ ਰਾਤਾ ਗੁਣ ਕਹਿ ਗੁਣੀ ਸਮਾਇਦਾ ॥ ੧੧ ॥"

[ਮਾਰੂ ਸੋਰਠ ਮ: ੩]

ਪੁਨਾ :-

"ਤੇਰੇ ਗੁਣ ਕਹਾਂ ਮੈ ਕਹਿਣ ਨਾ ਜਾਈ ॥ ਅੰਤੁ ਨ ਪਾਰਾ ਕੀਮਤਿ ਨਹੀ ਪਾਈ ॥ ਆਪੇ ਦਇਆ ਕਰੇ ਸੁਖ ਦਾਤਾ ਗੁਣ ਮਹਿ ਗੁਣੀ ਸਮਾਇਆ॥ ੫ ॥"

[ਮਾਰੂ ਸੋਹਲੇ ਮ: ੩]

ਇਹ ਕੇਵਲ ਸ੍ਰੀ ਗੁਰੂ ਗਰੰਥ ਸਾਹਿਬ ਜੀ ਦੇ ਗੁਰਬਾਣੀ ਰੂਪੀ ਗੁਣ ਹੀ ਹਨ, ਜਿਨ੍ਹਾਂ ਪ੍ਰਥਾਇ "ਗੁਣ ਮਹਿ ਗੁਣੀ ਸਮਾਇਆ" ਵਾਲੀ ਘਟਨਾ ਘਟਦੀ ਹੈ ਅਰਥਾਤ ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਐਸਾ ਗੁਣਾ ਦਾ ਤਾਸ ਹੈ, ਜਿਨ੍ਹਾਂ ਅੰਦਰ ਕਿ ਗੁਣੀ ਵਾਹਿਗੁਰੂ ਸਮਾਇਆ ਹੋਇਆ ਹੈ। ਇਹ ਧੁਰੋਂ ਆਇ ਆਕਾਸ਼ੀ ਗੁਣ ਜੋ ਹੋਏ ਸੋ ਸਮੁਚੇ ਹੋ ਕੇ ਪਾਰਸ ਕਲਾ ਦੀ ਸਮੁਚਤਾ ਸੰਯੁਕਤ ਅਉਤਾਰ ਧਾਰਕੇ ਗੁਰਬਾਣੀ ਗੁਰੂ ਰੂਪ ਬਾਣੀ ਹੋ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਖੇ ਆਣ ਉਤਰੇ ਹਨ। ਗੁਣੀ ਦੇ ਗੁਣਾਂ ਦੀ ਸਮੁਚਤਾ ਦਾ ਏਥੇ ਸਵਾਲ ਨਹੀਂ। ਗੁਰ ਇਸ਼ਟ ਆਦਰਸ਼ੀ ਵਿਲ-



www.AKJ.Org

ਖਨਤਾ ਵਿਸ਼ੇਸ਼ਤਾ ਗੁਣਾਂ ਦੀ ਏਸ ਪਾਰਸ ਕਲਾ ਸਮੁਚਤਾ ਵਿਚ ਹੈ, ਜਿਸ ਦੇ ਕਾਰਨ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀਓ ਗੁਣਤਾਸ ਗੁਰੂ ਹਨ। ਹਰਿ ਜੀਓ ਸਫਲਿਓ ਅੰਮ੍ਰਿਤ ਬਿਰਖ ਹੋ ਕੇ ਸਤਿਗੁਰੂ ਗ੍ਰੰਥ ਸਾਹਿਬ ਜੀਉ ਵਿਖੇ ਆਣ ਵੁਠਾ ਹੈ. ਅਰਥਾਤ ਗੁਣੀ ਵਾਹਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀਉ ਵਿਖੇ ਸ਼ਸ਼ੋਭਤ ਹੋ ਕੇ ਆਪਣੇ ਅੰਮ੍ਰਿਤ ਗੁਣਾਂ ਵਿਚ ਸਮਾਇਕੇ ਪਾਰਸ ਕਲਾ ਕਰ ਸਫਲ ਫਲਿਆ ਹੈ। ਜਿਨ੍ਹਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਖੇ ਸਮਾਏ ਗੁਣੀ ਦੇ ਅੰਮ੍ਰਿਤ ਗੁਣਾਂ ਦੇ ਪਾਰਸ ਕਲਾ ਰਸਾਇਣੀ ਅੰਮ੍ਰਿਤ ਨੂੰ ਪੀਤਾ ਹੈ ਉਹ ਸਭੇ ਗੁਣੀ ਵਿਖੇ ਸਮਾ ਗਏ ਹਨ। ਅੰਮ੍ਰਿਤ ਗੁਣਾਂ ਦੀ ਪਾਰਸ ਕਲਾ ਭਰਪੂਰ ਲੀਣੀ ਸਤਿ ਸੰਗਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਦੁਆਰਾ ਗੁਣੀ ਦੇ ਗੁਣ ਗਾਵਣਾ ਹੈ।

ਯਥਾ ਗੁਰਵਾਕ—

"ਸਤਿਗੁਰੂ ਸੇਵਿਐ ਵਡੀ ਵਡੀ ਵਡਿਆਈ॥ ਹਰਿ ਜੀ ਅਚਿੰਤ ਵਸੈ ਮਨਿ ਆਈ॥ ਹਰਿ ਜੀਉ ਸਫਲਿਓ ਬਿਰਖੁ ਹੈ ਅੰਮ੍ਰਿਤੁ ਜਿਨਿ ਪੀਤਾ ਤਿਸੁ ਤਿਖਾ ਲਹਾਵਣਿਆ॥੧॥ ਹਉ ਵਾਰੀ ਜੀਓ ਵਾਰੀ ਸਚੁ ਸੰਗਿਤ ਮੇਲਿ ਮਿਲ-ਵਣਿਆ॥ ਹਰਿ ਸਤ ਸੰਗਤਿ ਆਪੇ ਮੇਲੈ ਗੁਰਸਬਦੀ ਹਰਿ ਗੁਣ ਗਾਵਣਿਆ॥"

[ਮਾਂਝ ਮ: ੩]

ਪੂਰ ਸਤਿਗੁਰੂ ਸ੍ਰੀ ਗੁਰੂ ਗਰੰਥ ਸਾਹਿਬ ਨੂੰ ਮਿਲਕੇ ਹੀ ਗੁਣੀ ਦੇ ਤੱਤ ਗੁਣ ਵਖਾਣੀਦੇ ਹਨ, (ਵਖਾਣ ਸਕੀਦੇ ਹਨ)। ਸਤਿਗੁਰੂ ਸ੍ਰੀ ਗੁਰੂ ਗਰੰਥ ਸਾਹਿਬ ਨੂੰ ਮਿਲਕੇ ਹੀ ਦਿਨ ਰਾਤੀ ਸਚੀ ਸ਼ਾਂਤੀ ਭਗਤੀ ਕਰੀ ਜਾ ਸਕਦੀ ਹੈ ਅਤੇ ਨਾਮੀ ਦਾ ਪੂਰਾ ਨਾਮ ਮਨ ਵਿਖੇ ਵਸਾ ਸਕੀਦਾ ਹੈ ਅਤੇ ਇਤਿ ਬਿਧਿ ਗੁਣ ਕਹਿ ਕੇ ਗੁਣੀ ਵਿਖੇ ਸਮਾ ਸਕੀਦਾ ਹੈ।

ਯਥਾ ਗੁਰਵਾਕ :

"ਹਉ ਵਾਰੀ ਜੀਉ ਵਾਰੀ ਗੁਰੁ ਪੂਰਾ ਮੰਨਿ ਵਸਾਵਣਿਆ॥ ਗੁਰ ਤੇ ਸਾਤਿ ਭਗਤਿ ਕਰੇ ਦਿਨੁ ਰਾਤੀ ਗੁਣ ਕਹਿ ਗੁਣੀ ਸਮਾਵਣਿਆ॥"

[ਮਾਝ ਮ: ੩]

ਗੁਣਤਾਸ ਗੁਰੂ ਸ੍ਰੀ ਗੁਰੂ ਗਰੰਥ ਸਾਹਿਬ ਜੀ ਦੇ ਦਰਬਾਰ ਅਤੇ ਗੁਣੀ ਅਕਾਲ ਪੁਰਖ ਦੇ ਸਚੇ ਦਰਬਾਰ ਵਿਚ ਗੁਰ ਕੇ ਸਬਦ ਸਵਾਰੇ ਨਾਮ ਨਿਸਾਰੇ ਗੁਰੂ ਘਰ ਦੇ ਗੁਰਮੁਖ ਭਗਤ ਜਨ ਪਿਆਰੇ ਹੀ ਸੋਹਦੇ ਹਨ। ਗੁਣੀ ਦੇ ਗੁਣ (ਸ੍ਰੀ ਗੁਰੂ ਗਰੰਥ ਸਾਹਿਬ ਵਿਦਤਾਏ ਗੁਣ) ਕਹਿ ਕਹਿ ਦਿਨ ਰਾਤੀ ਸਦਾ ਅਨੰਦ ਮਾਣਦੇ ਹਨ ਅਤੇ ਗੁਣੀ ਵਾਹਿਗੁਰੂ ਜੋਤੀ ਸਰੂਪ ਦੀ ਲੀਨਤਾ ਵਿਚ ਵਾਸਾ ਪਾਉਂਦੇ ਹਨ।

ਯਥਾ ਗੁਰਵਾਕ :—

"ਤੇਰੇ ਭਗਤ ਸੋਹਹਿ ਸਾਚੇ ਦਰਬਾਰੇ॥ ਗੁਰ ਕੇ ਸਬਦਿ ਨਾਮਿ ਸਵਾਰੇ॥ ਸਦਾ ਅਨੰਦਿ ਰਹਹਿ ਦਿਨੁ ਰਾਤੀ ਗੁਣ ਕਹਿ ਗੁਣੀ ਸਮਾ-ਵਣਿਆ॥"

(ਮਾਝ ਮ: ੩)

———



www.AKJ.Org

# ਕੀ ਆਪ ਨੂੰ ਏਹ ਅਰਥ ਆਉਂਦੇ ਹਨ ?

(ਉਤਰਾਂ ਲਈ ਦੇਖੋ ਸਫਾ ੪੭)

| | | |
|---|---|---|
| 1. | ਸਰਸਨ, ਹਰਸਨ | —ਦਰਸਨ ਪਰਸਨ ਸਰਸਨ ਹਰਸਨ । |
| 2. | ਸੀਝੈ | —(ੳ) ਮਨੁ ਮਾਰਿ ਰੀਝੈ ਸਬਦਿ ਸੀਝੈ ਤ੍ਰੈ ਲੋਕ ਨਾਥੁ ਪਛਾਣਏ ।<br>(ਅ) ਵਿਣੁ ਮਨ ਮਾਰੇ ਕੋਇ ਨ ਸਿਝਈ । |
| 3. | ਅਪਵਾਦ | —ਪਰਧਨ ਪਰ ਅਪਵਾਦ ਨਾਰਿ ਨਿੰਦਾ ਯਹ ਮੀਠੀ ਜੀਅ ਮਾਹਿ ਹਿਤਾਨੀ । |
| 4. | ਤੂਰੇ | —ਵਾਜੇ ਅਨਹਦ ਤੂਰੇ । |
| 5. | ਅਨਹਦ ਸਬਦ, ਅਨਹਦ ਨਾਦ, ਅਨਹਦ ਬਾਣੀ | —(ੳ) ਅਨਹਦ ਸਬਦੁ ਦਸਮ ਦੁਆਰਿ ਵਜਿਓ ਤਹ ਅੰਮ੍ਰਿਤ ਨਾਮ ਚੁਆਇਆ ਥਾ ।<br>(ਅ) ਅਨਹਦ ਬਾਣੀ ਸਬਦੁ ਵਜਾਏ । |
| 6. | ਦਿਵਾਜੇ | —ਅਵਰਿ ਦਿਵਾਜੇ ਦੁਨੀ ਕੇ ਝੂਠੇ ਅਮਲ ਕਰੇਹੁ । |
| 7. | ਨਿਹੋਰਾ | —ਕਰਉ ਨਿਹੋਰਾ ਬਹੁਤ ਬੇਨਤੀ ਸੇਵਉ ਦਿਨੁ ਰੈਨਾਈ । |
| 8. | ਮਧੁਰ | —ਕੰਵਲ ਨੈਨ ਮਧੁਰ ਬੈਨ । |
| 9. | ਰੀਸਾਲੂ | —ਮੇਰਾ ਕੰਤ ਰੀਸਾਲੂ ਕੀ ਧਨ ਅਵਰਾ ਰਾਵੇ ਜੀ । |
| 10. | ਰਾਵੇ | — " " " " |
| 11. | ਥਿਤਿ | —ਥਿਤ ਪਾਈ ਚੂਕੇ ਭ੍ਰਮ ਗਵਨ । |
| 12. | ਥਾਤੀ | —ਥਾਤੀ ਪਾਈ ਹਰਿ ਕੋ ਨਾਮ । |



www.AKJ.Org

ੴ ਵਾਹਿਗੁਰੂ ਜੀ ਕੀ ਫਤਹਿ ॥

## ਜੁਗੋ ਜੁਗ ਅਟੱਲ, ਗੁਰ–ਗੱਦੀ ਦੇ ਮਾਲਕ

# ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰਕਾਸ਼ ਉਤਸ਼ਵ ਗੁਰਪੁਰਬ

## ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ੧੯, ੨੦, ੨੧ ਅਗਸਤ ਨੂੰ

*ਸਚਖੰਡ ਵਾਸੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੇ*

## ਸਰਬ ਹਿੰਦ ਕੀਰਤਨੀ ਜੱਥਿਆਂ ਵਲੋਂ ਸਮਾਗਮ

ਸਮੂਹ ਸੰਗਤਾਂ ਦੇ ਚਰਨਾਂ ਵਿਖੇ ਬੇਨਤੀ ਹੈ ਕਿ ਸ੍ਰੀ ਗੁਰੂ ਗਰੰਥ ਸਾਹਿਬ ਜੀ ਦੇ ਪ੍ਰਕਾਸ਼ ਉਤਸ਼ਵ ਦੇ ਪਾਵਨ ਗੁਰਪੁਰਬ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੇ ਸਰਬ-ਹਿੰਦ ਕੀਰਤਨੀ ਜੱਥਿਆਂ ਵਲੋਂ ਹੇਠ ਲਿਖੇ ਪ੍ਰੋਗਰਾਮ ਅਨੁਸਾਰ ਮਨਾਏ ਜਾ ਰਹੇ ਹਨ :—

੧੯-੮-੭੧ ਸ਼ਾਮ ੬-੩੦ ਤੋਂ ੯-੧੫ ਦੋ ਚੌਕੀਆਂ ਕੀਰਤਨ ਤੇ ਸੋਦਰ ਸ੍ਰੀ ਹਰਿਮੰਦਰ ਸਾਹਿਬ ਵਿਖੇ।

੨੦-੮-੭੧ ਸਵੇਰੇ ਭੋਗ ਅਖੰਡ ਪਾਠ ਅਤੇ ਦੁਪਹਿਰ ਤਕ ਅਖੰਡ ਕੀਰਤਨ ਸ: ਸੁੰਦਰ ਸਿੰਘ ਜੀ ਚਾਹ ਵਾਲਿਆਂ ਦੇ ਹਾਲ ਵਿਖੇ, ਬਜ਼ਾਰ ਪੇਟੀਆਂ।

ਸ਼ਾਮ ੫-੩੦ ਤੋਂ ੮-੦੦ ਸੋਦਰ ਦਾ ਦੀਵਾਨ ਤੇ ਕੀਰਤਨ ਖਾਲਸਾ ਕਾਲਜ ਵਿਖੇ।

੨੧-੮-੭੧ ਸਵੇਰੇ ਆਸਾ ਦੀ ਵਾਰ ਸ੍ਰੀ ਰਾਮਸਰ ਵਿਖੇ, ਨਗਰ ਕੀਰਤਨ ਵਿਚ ਹਾਜ਼ਰੀ, ਦਿਨੇ ੯ ਤੋਂ ੧੨ ਹਜ਼ੂਰੀ ਕੀਰਤਨ ਸ੍ਰੀ ਅਕਾਲ-ਤਖਤ ਸਾਹਿਬ ਵਿਖੇ। ਦੁਪਹਿਰ ਪਿਛੋਂ ਅੰਮ੍ਰਿਤ-ਸੰਚਾਰ ਸਮਾਗਮ।

ਸ਼ਾਮ ਅੱਠ ਵਜੇ ਰੈਨ-ਸਬਾਈ ਕੀਰਤਨ ਅਰੰਭ ਸ੍ਰੀ ਰਾਮਸਰ ਵਿਖੇ।

੨੨-੮-੭੧ ਐਤਵਾਰ ਸਵੇਰੇ ਸਮਾਪਤੀ।

ਬਾਹਰੋਂ ਆਈਆਂ ਸੰਗਤਾਂ ਲਈ ਰਿਹਾਇਸ਼ ਤੇ ਲੰਗਰ ਦਾ ਪਰਬੰਧ ਧਰਮਸਾਲਾ ਮਾਰਵਾ-



www.AKJ.Org

ੜੀਆਂ, ਬਜ਼ਾਰ ਪੇਟੀਆਂ ਵਿਖੇ ਕੀਤਾ ਗਿਆ ਹੈ ।

ਸਮੂੰਹ ਪਿਆਰਿਆਂ ਦੀ ਸੇਵਾ ਵਿਚ ਦੋ ਕਰ ਜੋੜ ਬਿਨੈ ਹੈ ਕਿ ਕਈ ਸਾਲਾਂ ਪਿਛੋਂ 'ਅਨੂਪ ਰਾਮਦਾਸਪੁਰੇ' ਵਿਖੇ ਅਖੰਡ-ਕੀਰਤਨੀ ਜੱਥਿਆਂ ਦੇ ਇਹ ਸਾਲਾਨਾ ਸਮਾਗਮ ਜੁੜ ਰਹੇ ਹਨ । ਸੋ ਆਪ ਜੀ ਪਰਵਾਰਾਂ ਸਮੇਤ ਹੋਰ ਸਤਸੰਗੀਆਂ ਨੂੰ ਨਾਲ ਪਰੇਰ ਕੇ ਲਿਆਓ ਅਤੇ ਗੁਰੂ ਕੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ ।

ਪੁੱਛ ਗਿੱਛ :—ਸਿੰਘ ਬ੍ਰਦਰਜ (ਜਾਂ) ਖਾਲਸਾ ਬ੍ਰਦਰਜ਼, ਮਾਈ ਸੇਵਾਂ, ਸ੍ਰੀ ਅੰਮ੍ਰਿਤਸਰ ।

ਪ੍ਰਾਰਥਕ—ਦਾਸਰੇ, ਅਖੰਡ ਕੀਰਤਨੀ ਜੱਥਾ, ਸ੍ਰੀ ਅੰਮ੍ਰਿਤਸਰ ।

---

## †ਅਖੰਡ ਕੀਰਤਨੀ ਜਥਾ, ਇੰਗਲੈਂਡ, ਵਲੋਂ ਅਖੰਡ ਪਾਠਾਂ ਤੇ† ਅੰਮ੍ਰਿਤ ਪ੍ਰਚਾਰ ਦੇ ਪਰਵਾਹ ।

*ਅਖੰਡ ਕੀਰਤਨੀ ਜਥਾ, ਇੰਗਲੈਂਡ ਵਲੋਂ ਇਹ ਸੂਚਨਾਵਾਂ ਮਿਲੀਆਂ ਹਨ :–*

(ੳ) ਪਿਛਲੇ ਢਾਈ ਸਾਲਾਂ ਵਿਚ ੨੦੦ ਤੋਂ ਵਧ ਪ੍ਰਾਣੀਆਂ ਨੇ ਇੰਗਲੈਂਡ ਵਿਚ ਅੰਮ੍ਰਿਤ ਪਾਨ ਕੀਤਾ ਹੈ ।

(ਅ) ਪਿਛਲੇ ਮਹੀਨੇ ਹੋਏ ਸਮਾਗਮ ਭਾ: ਗੁਰਨਾਮ ਸਿੰਘ ਜੀ ਦੇ ਗਰਿਹ ਵਿਖੇ ਰੇਡਿੰਗ ਸ਼ਹਿਰ ਵਿਚ ਸ੍ਰੀ ਅਖੰਡ ਪਾਠ ਹੋਏ ਤੇ ਕੀਰਤਨ ਹੋਇਆ ।

(ੲ) ਸਾਊਥਹਾਲ ਵਿਚ ਸ੍ਰੀ ਅਖੰਡ ਪਾਠ ਤੇ ਅੰਮ੍ਰਿਤ ਸੰਚਾਰ ਹੋਇਆ ।

(ਸ) ਭਾਈ ਰੇਸ਼ਮ ਸਿੰਘ ਜੀ ਦੇ ਗ੍ਰਹਿ ਵਿਖੇ ਗ੍ਰੇਵਜ਼ਐਂਡ ਸ਼ਹਿਰ ਵਿਚ ਸ੍ਰੀ ਅਖੰਡ ਪਾਠ ਤੇ ਅੰਮ੍ਰਿਤ ਪ੍ਰਚਾਰ ਹੋਇਆ ਜਿਥੇ 15 ਪ੍ਰਾਣੀ ਜਹਾਜੇ ਚੜ੍ਹੇ ।

*ਆਉਣ ਵਾਲੇ ਸਮਾਗਮ ;–*

(ਹ) 6 ਅਗਸਤ : ਭਾਈ ਗੁਰਦਿਆਲ ਸਿੰਘ ਜੀ ਦੇ ਗ੍ਰਹਿ ਵਿਖੇ ਸ੍ਰੀ ਅਖੰਡ ਪਾਠ ਸ਼ੁਰੂ ਹੋਣਗੇ ।

(ਕ) 14 ਅਗਸਤ : ਸਨਿਚਰਵਾਰ ਰਾਤ ਨੂੰ ਰੈਣ ਸਬਾਈ ਕੀਰਤਨ ਬਰਮਿੰਗਮ, ਸਮੈਥਵਿਕ ਗੁਰਦੁਵਾਰੇ ਵਿਚ ਹੋਵੇਗਾ । ਯੂ ਕੇ ਨਿਵਾਸੀ ਸੰਗਤਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਏਨ੍ਹਾਂ ਸਮਾਗਮਾਂ ਤੇ ਪੁਜ ਕੇ ਲਾਹੇ ਲੈਣ ।



www.AKJ.Org

*ਉਪਰ ਲਿਖੇ ਅਵਸਰਾਂ ਤੇ ਸੂਰੇ ਨੂੰ ਇਸ ਪ੍ਰਕਾਰ ਸਹਾਇਤਾ ਭੇਜੀ ਹੈ :-*

ਭਾਈ ਗੁਰਨਾਮ ਸਿੰਘ ਜੀ...............5 ਪੌਂਡ

ਸਾਊਥਹਾਲ ਤੋਂ .................. 10 ,,

ਭਾਈ ਕੇਸਰ ਸਿੰਘ ਜੀ............... 10 ,,

*ਸਾਡਾ ਸਨੇਹਾ–*

ਦੂਰ ਪ੍ਰਦੇਸਾਂ ਵਿਚ ਬੈਠੇ ਵੀਰੋ ਤੇ ਭੈਣੋ ਵਾਹਿਗੁਰੂ ਜੀ ਖਾਲਸਾ. ਵਾਹਿਗੁਰੂ ਜੀ ਕੀ ਫਤਹਿ। ਆਪ ਦੇ ਗੁਰਸਿਖੀ ਕਮਾਉਣ ਦੇ ਸੁਖ ਸਨੇਹੇ ਪਹੁੰਚਦੇ ਹਨ ਤਾਂ ਮਨ ਖੁਸ਼ੀ ਨਾਲ ਉਮਡਦਾ ਹੈ। ਏਨ੍ਹਾਂ ਦੇਸਾਂ ਵਿਚ ਕਲਜੁਗ ਦੀਆਂ ਨ੍ਹੇਰੀਆਂ ਤੀਖਣ ਤੇ ਭਿਆਨਕ ਰੂਪ ਵਿਚ ਵਗ ਰਹੀਆਂ ਹਨ ਤੇ ਕਚੇ ਪਿਲੇ ਬਹੁ ਗਿਣਤੀ ਵਿਚ ਝੜ ਰਹੇ ਹਨ। ਓਥੇ ਭੀ ਗੁਰੂ ਕੇ ਲਾਲ ਹਨ ਜਿਨ੍ਹਾਂ ਨੇ ਸਤਿਗੁਰੂ ਦੇ ਚਰਨ ਗਹਿ ਕੇ ਫੜੇ ਹੋਏ ਹਨ ਤੇ ਚਟਾਨਾਂ ਵਾਂਗ ਅਡੋਲ ਹਨ। ਸਤਿਗੁਰੂ ਦੇ ਦਰਸਾਏ ਰਾਹ ਤੇ ਤੁਰਨਾਂ, ਸਤਿਗੁਰੂ ਦੇ ਹੁਕਮਾਂ ਤੇ ਅਮਲ ਕਰਨਾ ਏਨ੍ਹਾਂ ਦਾ ਜੀਵਨ ਮਨੋਰਥ ਹੈ।

ਸਾਡੀ ਦੇਸ ਵਿਚ ਬੈਠੇ ਸਿੰਘਾਂ ਸਿੰਘਣੀਆਂ ਦੀਆਂ ਸਤਿਗੁਰੂ ਦੇ ਚਰਨਾਂ ਵਿਚ ਜੋਦੜੀਆਂ ਹਨ ਕੇ ਆਪ ਜੀਆਂ ਦੇ ਸਿਰਾਂ ਤੇ ਮੇਹਰ ਭਰਿਆ ਹਥ ਰਖਣ ਤੇ ਹੋਰ ਭੀ ਚੜ੍ਹਦੀ ਕਲਾ ਬਖਸ਼ਣ।



www.AKJ.Org

# ❋ ਭਗਤ ਬਾਣੀ ❋

ਵਲੋਂ : ਪ੍ਰੋ: *ਗੁਰਮੁਖ ਸਿੰਘ ਜੀ*, **M. A.**

★★★★★★★★★★★★★★★★★★★★★★★★★

ਪਿਛੇ ਜਿਹੇ ਭਸੌੜ ਦੇ ਕੁਝ ਇਕ ਵਿਦਵਾਨ ਪੰਚ ਖਾਲਸਾ ਦੀਵਾਨ ਦੀ ਰਾਹੀਂ ਇਕ ਵੱਡੀ ਭੁਲ ਕਰਨ ਲਗੇ ਸਨ । ਉਹਨਾਂ ਦਾ ਖਿਆਲ ਸੀ ਕਿ ਸ੍ਰੀ ਗੁਰੂ ਗਰੰਥ ਸਾਹਿਬ ਜੀ ਵਿਚੋਂ ਭਗਤਾਂ ਦੀ ਬਾਣੀ ਕਢ ਦੇਣੀ ਚਾਹੀਦੀ ਹੈ ਕਿਉਂਕਿ ਇਹ ਬਾਣੀ ਭਗਤਾਂ ਦੀ ਹੈ ਨਾਂ ਕਿ ਗੁਰੂ ਸਾਹਿਬਾਨ ਦੀ । ਪਰ ਗੁਰੂ ਕਰਤਾਰ ਨੇ ਉਹਨਾਂ ਦੀ ਇਹ ਸਕੀਮ ਸਿਰੇ ਨਹੀਂ ਚੜ੍ਹਨ ਦਿਤੀ ।

ਆਦਿ ਗਰੰਥ ਸਾਹਿਬ ਜੀ ਦੇ ਰਚਨਹਾਰ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਤਾਂ ਭਗਤਾਂ ਨੂੰ ਪ੍ਰੇਮ ਸੱਦੇ ਦੇ ਕੇ ਸਦਿਆ ਅਤੇ ਸਦ ਕੇ ਬੇਨਤੀ ਕੀਤੀ ਕਿ ਉਹ ਆਪਣੀ ਬਾਣੀ ਜਗਤ ਜਲੰਦੇ ਨੂੰ ਠਾਰਨ ਲਈ ਬਾਣੀ ਦੇ ਬੋਹਥ ਵਿਚ ਦਰਜ ਕਰਵਾਉਣ । ਸੀਨਾ ਬਸੀਨਾ ਇਹੋ ਚਲੀ ਆਂਉਦੀ ਹੈ ਕਿ ਵਾਰੀ ਵਾਰੀ ਭਗਤਾਂ ਦੀਆਂ ਰੂਹਾਂ ਨੇ ਗੁਰੂ ਮਹਾਰਾਜ ਦੇ ਦਰਬਾਰ ਦੀ ਹਾਜ਼ਰੀ ਭਰੀ ਤੇ ਬਾਣੀ ਲਿਖਵਾਈ ।

ਪੋਥੀ ਪਰਮੇਸ਼ਰ ਕਾ ਥਾਨ ਦੇ ਹੁਕਮ ਅਨੁਸਾਰ ਆਦਿ ਸ੍ਰੀ ਗੁਰੂ ਗਰੰਥ ਸਾਹਿਬ ਪਰਮ ਪਿਤਾ ਪਰਮਾਤਮਾ ਦਾ ਆਲੀਸ਼ਾਨ ਮਹੱਲ ਤਿਆਰ ਹੋਇਆ ਇਸ ਵਿਚ ਹਰੀ ਨੇ ਵਾਸ ਕੀਤਾ, ਪ੍ਰਭੂ ਦੇ ਪਿਆਰਿਆਂ ਨੂੰ ਭੀ ਆਦਰ ਸਤਕਾਰ ਨਾਲ ਇਸ ਵਿਚ ਥਾਂ ਦਿਤਾ ਗਿਆ । ਇਉਂ ਗੁਰਮਤਿ ਦੀ ਤੇ ਪਿਆਰੇ ਭਗਤਾਂ ਦੀ ਸਾਂਝ ਪਈ ।

ਅਗੋਂ ਚਲਕੇ ਆਦਿ ਸ੍ਰੀ ਗੁਰੂ ਗਰੰਥ ਸਾਹਿਬ ਜੀ ਨੂੰ ਗੁਰੂ ਦੀ ਪਦਵੀ ਦਾ ਧੁਰੋਂ ਹੀ ਹੁਕਮ ਹੋ ਗਿਆ । ਦਸਵੇਂ ਪਾਤਸ਼ਾਹ ਜੀ ਨੇ ਆਪਣੇ ਖਾਲਸੇ ਦੀ ਵਾਗ-ਡੋਰ ਸ਼ਬਦ ਅਵਤਾਰ ਜੁਗੋ ਜੁਗ ਅਟਲ ਚੌਰ ਤਖਤ ਦੇ ਮਾਲਕ ਸ੍ਰੀ ਗੁਰੂ ਗਰੰਥ ਸਾਹਿਬ ਜੀ ਨੂੰ ਸੌਂਪੀ । ਇਸ ਲਈ ਹੁਣ ਸਮੁਚੀ ਬਾਣੀ ਚਾਹੇ ਉਹ ਗੁਰੂ ਵਿਅਕਤੀਆਂ ਦੀ ਹੈ ਚਾਹੇ ਭਗਤਾਂ ਦੀ ਉਹ ਸਾਰੀ ਦੀ ਸਾਰੀ ਗੁਰ ਬਾਣੀ ਹੈ ਅਤੇ ਬਾਣੀ ਹੀ ਗੁਰੂ ਹੈ ।

ਆਪਣੇ ਮਨ ਵਿਚ ਸ਼ਕ ਕਰਨਾ ਕਿ ਇਹ ਤਾਂ ਭਗਤ-ਬਾਣੀ ਹੈ ਗੁਰਬਾਣੀ ਨਹੀਂ, ਸਿਖ ਜਗਿਆਸੂ ਲਈ ਬਹੁਤ ਹੀ ਖਤਰਨਾਕ ਮੋੜ ਹੈ । ਸ਼ੰਕਾ ਕਰਨਾ ਸਿਖ ਦਾ ਕੰਮ ਨਹੀਂ । ਸਿਖ ਕੀ ਤੇ ਸ਼ੰਕਾ ਕੀ ? ਗੁਰੂ ਗਰੰਥ ਸਾਹਿਬ ਜੀ ਗੁਰੂ ਨਾਨਕ ਪਾਤਸ਼ਾਹ ਦਾ ਉਹ ਸਰੂਪ ਹੈ ਜੋ ਰਹਿੰਦੀ ਦੁਨੀਆਂ ਤਕ ਸਿਖ ਦੀ ਹਰ ਤਰ੍ਹਾਂ ਨਾਲ ਅਗਵਾਈ ਕਰਦਾ ਰਹੇਗਾ । ਇਹ ਨਹੀਂ ਹੋ ਸਕਦਾ ਕਿ ਸਿਖ ਗੁਰੂ ਗਰੰਥ ਸਾਹਿਬ ਨੂੰ ਮੱਥਾ ਭੀ ਟੇਕੇ ਤੇ ਇਹ ਵੀ ਆਖਦਾ ਜਾਏ ਕਿ ਇਸ ਵਿਚ ਕਈ ਥਾਈਂ ਸ੍ਵੈ-ਵਿਰੋਧੀ



www.AKJ.Org

ਵਿਚਾਰ ਭੀ ਮਿਲਦੇ ਹਨ। ਜਾਂ ਇਹ ਗੁਰੂ-ਸਰੂਪ ਦੀ ਬਾਣੀ ਨਹੀਂ ਹੈ, ਇਹ ਤਾਂ ਅਮੁਕ ਭਗਤ ਨੇ ਫੁਰਮਾਇਆ ਹੈ। ਮੁਕਦੀ ਗਲ ਇਹ ਹੈ ਕਿ ਗੁਰੂ ਗਰੰਥ ਸਾਹਿਬ ਵਿਚ ਦਰਜ ਹਰ ਸ਼ਬਦ ਚਾਹੇ ਉਹ ਗੁਰੂ ਸਾਹਿਬਾਨ ਦਾ ਹੈ ਅਤੇ ਚਾਹੇ ਕਿਸੇ ਭਗਤ ਜੀ ਦਾ ਹੈ, ਹਰ ਸ਼ਬਦ ਰਹਿੰਦੀ ਦੁਨੀਆਂ ਤਕ ਮਨੁਖੀ ਜੀਵਨ ਲਈ ਚਾਨਣ ਦੇਣ ਦੇ ਸਮਰਥ ਰਹੇਗਾ। ਜੋ ਸਿਖ ਗੁਰੂ ਗਰੰਥ ਸਾਹਿਬ ਜੀ ਨੂੰ ਗੁਰੂ ਭੀ ਮੰਨਦਾ ਹੈ ਤੇ ਉਪਰ ਰਿਖੇ ਟਪਲੇ ਭੀ ਮੰਨ ਵਿਚ ਰਖਦਾ ਹੈ ਉਹ ਅਜੇ ਦੁ-ਚਿਤਾ ਜਿਹਾ ਹੈ। ਉਸ ਲਈ ਗੁਰਬਾਣੀ ਅੰਦਰ ਇਉਂ ਫੁਰਮਾਨ ਹੋਇਆ :-

"ਸਲਾਮੁ ਜਬਾਬੁ ਦੋਵੈ ਕਰੇ, ਮੁਢਹੁ ਘੁਥਾ ਜਾਇ ॥ ਨਾਨਕ ਦੋਵੈ ਕੂੜੀਆ, ਥਾਇ ਨ ਕਾਈ ਪਾਇ।।"

(ਮ: ੨)

---



www.AKJ.Org

# ਅਰਥ

(ਲੜੀ ਜੋੜਨ ਲਈ ਦੇਖੋ ਸਫਾ ੪੧)

1. ਅਨੰਦ, ਪ੍ਰਫੁਲਤ ਹੋਣਾ
2. ਜਿਤਣਾ, ਕਾਮਯਾਬੀ ਹਾਸਲ ਕਰਨੀ
3. ਨਿੰਦਾ
4. ਵਾਜੇ
5. ਨਾਮ ਯਾ ਗੁਰਬਾਣੀ ਦਾ ਸੰਗੀਤ, ਜੋ ਨਾਮ ਅਭਿਆਸੀਆਂ ਦੇ ਅੰਦਰ ਆਪਣੇ ਆਪ ਚਲਦਾ ਰਹਿੰਦਾ ਹੈ।
6. ਦਿਖਾਵੇ
7. ਪ੍ਰਾਰਥਨਾ
8. ਮਿਠੇ
9. ਸੁੰਦਰ
10. ਭੋਗਣਾ, ਮਾਣਨਾ
11. ਟਿਕਾਉ, ਇਸਥਤੀ
12. ਕਠਾ ਕੀਤਾ ਹੋਇਆ ਧਨ।



www.AKJ.Org

## ਟੇਪ ਰਕਾਰਡਰਾਂ ਲਈ ਕੈੱਸਟ

ਮਾਸਟਰ ਹਰਬਖਸ਼ ਸਿੰਘ ਜੀ ਸਿੰਘਾ ਪੁਰ ਤੋਂ ਲਿਖਦੇ ਹਨ ਕਿ ਉਨ੍ਹਾਂ ਪਾਸ ਟੇਪ ਰਕਾਰਡਰਾਂ ਦੇ ਕੈਸਟ ਹਨ। ਏਨ੍ਹਾਂ ਕੈਸਟਾਂ ਵਿਚ ਗੁਰਬਾਣੀ, ਨਿਤਨੇਮ, ਸ਼ਬਦ, ਆਸਾ ਦੀ ਵਾਰ, ਸੁਖਮਨੀ ਸਾਹਿਬ ਆਦਿ ਭਰੇ ਹੋਏ ਹਨ। ਜਿਨ੍ਹਾਂ ਸਜਣਾਂ ਨੂੰ ਲੋੜ ਹੋਵੇ, ਹੇਠ ਲਿਖੇ ਪਤੇ ਤੇ ਚਿਠੀ ਪਤਰ ਕਰਨ :—

ਮਾਸਟਰ ਹਰਬਖਸ਼ ਸਿੰਘ
187 J (10th floor)
Macpherson Estate,
Singapur—13

# ਸੂਰੇ ਦੇ ਚੰਦੇ ਬਾਰੇ

## ਜਰੂਰੀ ਸੂਚਨਾ

1. ਸੂਰੇ ਦਾ ਚੰਦਾ ਘਟਾ ਕੇ ਛੇ ਰੁਪਏ ਸਾਲਾਨਾ ਕਰ ਦਿਤਾ ਹੈ।
2. ਜਿਨ੍ਹਾਂ ਸਜਣਾਂ ਨੂੰ ਚੰਦਾ ਮੁਕ ਜਾਣ ਦੀ ਸੂਚਨਾ ਪਹੁੰਚਦੀ ਹੈ ਉਹ ਕਿਰਪਾ ਕਰਕੇ ਸ਼ੀਘਰ ਹੀ ਮਨੀਆਰਡਰ ਕਰ ਦੇਣ। ਵੀ. ਪੀ. ਪੀ. ਦਾ ਖਰਚ ਬਹੁਤਾ ਪੈਂਦਾ ਹੈ।
3. ਜੇ ਕਿਸੀ ਵਜਾ ਕਰਕੇ ਆਪ ਸੂਰਾ ਬੰਦ ਕਰਨਾ ਚਾਹੋ ਤਾਂ ਵੀ. ਪੀ. ਪੀ. ਆਉਣ ਤਕ ਨਾ ਉਡੀਕੋ, ਹੁਣੇ ਹੀ ਕਾਰਡ ਪਾ ਦਿਉ। ਨਹੀਂ ਤਾਂ ਸਾਨੂੰ ਤਕਰੀਬਨ ਸਵਾ ਰੁਪਏ ਦਾ ਨੁਕਸਾਨ ਫੀ ਸੂਰੇ ਪਿਛੇ ਉਠਾਉਣਾ ਪੈਂਦਾ ਹੈ।
4. ਮਨੀ ਆਰਡਰ ਫਾਰਮ ਦੇ ਹੇਠਾਂ ਆਪਣਾ ਚਿਟ ਨੰਬਰ ਤੇ ਸਿਰਨਾਵਾਂ ਲਿਖਣਾ ਜ਼ਰੂਰੀ ਹੈ। ਨਹੀਂ ਤਾਂ ਕਿਸ ਤਰ੍ਹਾਂ ਪਤਾ ਲਗੇ ਕਿ ਮਨੀ ਆਰਡਰ ਕਿਥੋਂ ਆਇਆ ਹੈ?

ਐਡੀਟਰ



www.AKJ.Org

# * ਫੁੱਲਾਂ ਦੇ ਸੇਹਰੇ ਬਾਰੇ ਵਿਚਾਰ *

ਵਲੋਂ : *ਭਾਈ ਸਾਹਿਬ ਮਾਲਕ ਸਿੰਘ ਜੀ*, **B. Sc.**

ਸਚੇ ਗੁਰਦੇਵ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਤਿਕਾਰ ਵਜੋਂ, ਹਰ ਇਕ ਗੁਰਸਿਖ ਸੁੰਦਰ ਪੁਸ਼ਪ, ਖਿੜੇ ਫੁੱਲਾਂ ਦੀ ਮਾਲਾ, ਰੰਗ ਬਰੰਗੇ ਸੇਹਰੇ, ਭੇਟਾ ਕਰਨ ਦਾ ਚਾਹਵਾਨ ਹੈ। ਪਰ ਕੀ ਕਦੀ ਅਸੀਂ ਇਹ ਸੋਚਨ ਦਾ ਯਤਨ ਕੀਤਾ ਹੈ ਕਿ ਸੱਚੇ ਇਸ਼ਟ, ਗੁਰਦੇਵ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਇਸ ਬਿਧ ਕੀਤਾ ਜਾ ਰਿਹਾ ਸਤਿਕਾਰ, ਕਿਧਰੇ ਬੇ-ਅਦਬੀ ਦਾ ਕਾਰਣ ਤਾਂ ਨਹੀਂ ਬਣ ਰਿਹਾ। ਕੀ ਅਸੀਂ ਲਕੀਰ ਦੇ ਫਕੀਰ ਬਣ ਕੇ, ਰਸਮਾਂ ਦੇ ਗੇੜ ਪਿਛੇ ਲਗ ਕੇ, ਅਸੀਂ ਇਸ ਬਿਧ ਪੂਜਾ ਨੂੰ ਗਲਤ ਢੰਗ ਨਾਲ ਤਾਂ ਨਹੀਂ ਕਰੀ ਜਾ ਰਹੇ। ਕੀ ਸਾਡਾ ਪੁਸ਼ਪ ਭੇਟਾ ਕਰਨ ਦਾ ਮਕੱਸਦ ਕੇਵਲ ਸਜਾਵਟ ਕਰਨ ਲਈ ਤਾਂ ਨਹੀਂ ਰਹਿ ਗਿਆ। ***ਸੋ ਇਹ ਬੜੀ ਵਿਚਾਰ ਯੋਗ ਗੱਲ ਹੈ।*** ਇਸ ਬਾਰੇ ਕੁਝ ਕੁ ਵਿਚਾਰ ਤੁਛ ਬੁਧੀ ਮੁਤਾਬਕ ਥੱਲੇ ਲਿਖੇ ਜਾ ਰਹੇ ਹਨ।

ਸੁਬ੍ਹਾਨ ਜਾਈਏ ਕਾਦਰ ਦੀ ਕੁਦਰਤ ਤੋਂ ਜਿਸ ਨੇ ਇਸ ਸ੍ਰਿਸ਼ਟੀ ਦੀ ਰਚਨਾ ਵਿਚ ਅਨੇਕਾਂ ਪ੍ਰਕਾਰ ਦੀ ਬਨਸਪਤੀ ਉਤਪੰਨ ਕਰ ਕੇ ਇਸ ਨਵ ਖੰਡ ਪ੍ਰਿਥਮੀ ਨੂੰ ਸਜਾਇ, ਸਵਾਰਿਆ ਹੋਇਆ ਹੈ। ਅਗਰ ਇਹ ਕਿਹਾ ਜਾਇ ਕੀ ਬਨਸਪਤੀ ਪੇੜ ਪੌਦੇ, ਫੁੱਲ ਘਾਸ ਆਦਿ ਇਹ ਸ੍ਰਿਸ਼ਟੀ ਦਾ ਸ਼ਿੰਗਾਰ ਹਨ ਤਾਂ ਉਚਿਤ ਹੀ ਹੋਏਗਾ ਸ਼ਾਇਦ ਇਸੇ ਨਜ਼ਾਰੇ ਤੋਂ ਪ੍ਰਭਾਵਿਤ ਹੋ ਕੇ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਇਹ ਕਹਿਣਾ ਪਿਆ ਕਿ ***ਕਰੇ ਸਗਲ ਬਨਰਾਇ ਫੂਲੰਤ ਜੋਤੀ***। ਜਿਥੇ ਇਹ ਬਨਸਪਤੀ ***ਉਤਭੁਜ ਖਾਣ ਬਹੁਰਿ ਰਚਦੀਨੀ*** ਜੀਵਾਂ ਦੇ ਖਾਣ ਲਈ ਆਹਾਰ ਹੈ ਉਥੇ ਇਕ ਪਾਸੇ ਮਨੁਖ ਇਨ੍ਹਾਂ ਤੋਂ ਅਨੇਕਾਂ ਲਾਭ ਲੈ ਰਿਹਾ ਹੈ।

ਇਸ ਕਾਦਰ ਦੀ ਬਨਾਈ ਬਨਸਪਤੀ ਵਿਚ ਫੁੱਲ ਮਨੁੱਖ ਨੂੰ ਵਧੇਰੇ ਪਸੰਦ ਹਨ। ਇਹਨਾਂ ਦਾ ਕੁਦਰਤੀ, ਮਨਮੋਹਨਾ ਰੰਗ, ਦਿਲਖਿਚਵੀਂ ਸੁਗੰਧੀ, ਮਨੁੱਖ ਦੇ ਦਿਲ ਦਿਮਾਗ ਬਦਲ ਕੇ ਰਖ ਦੇਂਦੇ ਹਨ। ਖਿੜੇ ਹੋਏ ਫੁੱਲ ਮਨੁੱਖ ਦੇ ਮੁਰਝਾਏ ਮਨ੍ਹਾਂ ਨੂੰ, ਕੁਮਲਾਏ ਚੇਹਰਿਆਂ ਨੂੰ ਹਲੂਣਾ ਦੇ ਕੇ ਖੇੜ ਵਿਚ ਲਿਆਣ ਦਾ ਯਤਨ ਕਰਦੇ ਹਨ। ਇਹ ਹੀ ਕਾਰਨ ਹੈ ਕਿ ਹਰ ਮਨੁਖ ਕੋਈ ਕਿਸਮਾਂ ਦੇ ਫੁਲਾਂ, ਰੰਗ ਬਰੰਗੇ ਮੌਸਮੀ ਫੁਲਾਂ ਦੇ ਬਾਗ ਬਗੀਚੇ, ਛੋਟੀਆਂ ਛੋਟੀਆਂ ਫੁਲਵਾੜੀਆਂ ਨੂੰ ਆਪਣੇ ਘਰਾਂ ਵਿਚ ਲਗਾਨ ਦਾ ਪ੍ਰਬੰਧ ਕਰ ਰਿਹਾ ਹੈ। ਇਸ ਵਲ ਪ੍ਰਾਣੀ ਦੀ ਕੁਦਰਤੀ ਖਿੱਚ ਹੈ।



www.AKJ.Org

ਇਹ ਫੂਲ,ਮਨੁਖਾਂ ਅਤੇ ਹੋਰ ਸਾਧਨਾਂ ਦੁਆਰਾ ਦੂਸ਼ਿਤ ਕੀਤੀ ਗਈ ਹਵਾ ਨੂੰ ਆਪਣੀ ਮਹਿਕ ਨਾਲ ਸੁਗੰਧਿਤ ਕਰ ਦੇਂਦੇ ਹਨ। ਵਾਤਾਵਰਣ ਨੂੰ ਸੁਗੰਧਤ ਬਣਾ ਦੇਂਦੇ ਹਨ । ਸਥਾਨ ਨੂੰ ਸੁਭਾਇਮਾਨ ਬਨਾਉਂਦੇ ਹਨ । *ਫੂਲਾਂ ਦੀ ਸੁਗੰਧੀ ਸਤੋਗੁਣ ਪੈਦਾ ਕਰਦੀ ਹੈ ਅਤੇ ਮਨੁਖ ਦੀਆਂ ਵਿਰੱਤੀਆਂ ਨੂੰ ਸਾਤਵਿਕਤਾ ਦੇ ਖੇੜੇ ਵਿਚ ਲੈ ਜਾਨ ਵਿਚ ਸਹਾਇਕ ਹੁੰਦੀ ਹੈ।* ਇਹੀ ਕਾਰਨ ਹੈ ਕਿ ਇਹਨਾਂ ਫੂਲਾਂ ਨੂੰ ਗੁਰਦੁਆਰੇ ਅਤੇ ਹੋਰ ਧਰਮ ਸਥਾਨਾਂ ਵਿਚ ਪੂਜਾ ਵਜੋਂ ਵਰਤਿਆ ਜਾਂਦਾ ਹੈ। ਮਹਾਨ ਪੁਰਸ਼ਾਂ ਦੀਆਂ ਫੋਟੋਆਂ ਤੇ ਪੁਸ਼ਪ ਮਾਲਾ ਚੜ੍ਹਾਈ ਜਾਂਦੀ ਹੈ। ਸੋ ਇਹ ਪੁਸ਼ਪ ਮਾਲਾ ਜਾਂ ਸੇਹਰਾ ਪੂਜਾ ਦੇ ਸਥਾਨ ਤੇ ਪਹੁੰਚਨ ਤੋਂ ਪਹਿਲਾਂ ਹੇਠ ਲਿਖੀਆਂ ਤਿੰਨ ਸਟੇਜਾਂ ਤੋਂ ਗੁਜਰਦਾ ਹੈ।

### *ਪਹਿਲੀ ਸਟੇਜ :-*

ਫੂਲਾਂ ਦੀ ਜਾਨ ਪਾਣੀ ਹੈ। ਜਲ ਤੋਂ ਬਿਨਾਂ ਕੋਈ ਵੀ ਬਨਸਪਤੀ ਨਾ ਹੀ ਉਗ ਸਕਦੀ ਹੈ ਅਤੇ ਨਾ ਹੀ ਹਰੀ ਭਰੀ ਰਹਿ ਸਕਦੀ ਹੈ। ਅਗਰ ਕਿਸ ਵੀ ਫੁੱਲ ਨੂੰ ਤੋੜ ਕੇ ਜ਼ਰਾ ਉਂਗਲੀਆਂ ਨਾਲ ਮਰੋੜਿਆ ਜਾਏ ਤਾਂ ਸਹਿਜੇ ਹੀ ਪਾਣੀ ਰਸ ਦੇ ਰੂਪ ਵਿਚ ਨਿਕਲ ਆਂਦਾ ਹੈ। ਅਗਰ ਕਿਸੇ ਫੂਲ ਦਾ ਵਿਗਿਆਨਕ ਢੰਗ ਨਾਲ ਵਿਸ਼ਲੇਸ਼ਣ (Analysis) ਕੀਤਾ ਜਾਏ ਤਾਂ ਘਟੋ ਘਟ 50% ਫੂਲ ਵਿਚ ਪਾਣੀ ਦੀ ਮਾਤਰਾ ਨਿਕਲ ਆਏਗੀ।

### *ਦੂਜੀ ਸਟੇਜ :-*

ਫੂਲ ਦੀ ਉਪਰਲੀ ਬਨਾਵਟ ਵਲ ਦੇਖੀਏ ਤਾਂ ਫੂਲ ਦੀਆਂ ਪੰਖੜੀਆਂ ਵਿਚ ਪਰਾਗ ਕੁਝ ਪਰਾਗਕਣ ਅਤੇ ਭੌਰਿਆਂ ਦੀ ਰਾਹੀਂ ਲਿਆਂਦਾ ਕੋਈ ਤਰ੍ਹਾਂ ਦਾ ਸੂਖਸ਼ਮ ਪਦਾਰਥ ਹੁੰਦਾ ਹੈ। ਕਈ ਵਾਰੀ ਧੂਲ ਅਤੇ ਮਿਟੀ ਦੇ ਕਣ ਵੀ ਦੇਖੇ ਜਾ ਸਕਦੇ ਹਨ। ਇਸ ਤੋਂ ਇਲਾਵਾ ਪੰਖੜੀਆਂ ਤੇ ਛੋਟੀਆਂ ਛੋਟੀਆਂ ਉਸ ਦੀਆਂ ਬੂੰਦਾਂ ਹੁੰਦੀਆਂ ਹਨ। ਕੋਈ ਵੇਰੀ ਫੂਲਾਂ ਨੂੰ ਪਾਣੀ ਦੇਣ ਸਮੇਂ ਛਿੜਕਣ ਕਰਨ ਸਮੇਂ ਕਾਫੀ ਪਾਣੀ ਫੂਲਾਂ ਤੇ ਡਿਗ ਪੈਂਦਾ ਹੈ ਅਤੇ ਐਸੀ ਹਾਲਤ ਵਿਚ ਇਹ ਫੂਲ ਤੋੜਕੇ ਵੇਚ ਦਿਤੇ ਜਾਂਦੇ ਹਨ ।

### *ਤੀਜੀ ਸਟੇਜ :-*

ਬਾਜ਼ਾਰ ਵਿਚ ਇਹਨਾਂ ਫੁੱਲਾਂ ਤੋਂ ਸੂਈ ਧਾਗੇ ਦੀ ਮਦਦ ਨਾਲ ਸੋਹਣੇ ਸੋਹਣੇ ਹਾਰ, ਸੇਹਰੇ ਯਾ ਮਾਲਾ ਬਣਾਈ ਜਾਂਦੀ ਹੈ। ਹੁਣ ਇਹ ਜ਼ਰੂਰੀ ਨਹੀਂ ਹੁੰਦਾ ਕਿ ਸਾਰੀਆਂ ਪੁਸ਼ਪ ਮਾਲਾ ਥੋੜੇ ਸਮੇਂ ਵਿਚ ਹੀ ਵਿਕ ਜਾਣ। ਇਸ ਲਈ ਵੇਚਨ ਵਾਲਾ ਇਹਨਾਂ ਫੂਲਾਂ ਨੂੰ ਗਰਮੀ, ਲੂ, ਧੁਪ ਆਦਿ ਦੇ ਅਸਰ ਤੋਂ ਬਚਾਨ ਲਈ ਸਮੇਂ ਸਮੇਂ ਪਾਣੀ ਦਾ ਛਿੜਕਾਵ ਦੇਂਦਾ ਰਹਿੰਦਾ ਹੈ। ਐਸਾ ਕਰਨ ਤੇ ਫੂਲ ਮੁਰਝਾਨ ਤੋਂ ਬਚੇ ਰਹਿੰਦੇ ਹਨ।

ਸੋ ਉਪਰ ਤਿੰਨਾਂ ਸਟੇਜਾਂ ਵਿਚ ਹੀ ਫ਼ੂਲਾਂ ਤੇ ਪਾਣੀ ਦਾ ਅਸਰ ਹੁੰਦਾ ਹੈ ਅਤੇ ਕੋਈ ਵਾਰੀ ਜ਼ਰੂਰਤ ਤੋਂ ਜ਼ਿਆਦਾ ਪਾਣੀ ਮਹਿਸੂਸ ਕੀਤਾ ਜਾ ਸਕਦਾ ਹੈ। ਹੁਣ ਇਹ ਹਾਰ ਸੇਹਰੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਵਿਤਰ ਦੇਹ ਤੇ ਚੜ੍ਹਾਨ ਲਈ ਗੁਰਪਾਲੂ ਜਗਿਆਸੂ, ਬੜੀ ਸ਼ਰਧਾ ਅਤੇ ਭਾਵਨਾ ਨਾਲ ਬਾਜ਼ਾਰ ਵਿਚੋਂ ਹਰ ਕੀਮਤ ਤੇ ਖਰੀਦ ਕੇ ਭੇਟਾ ਕਰਦੇ ਹਨ। ਅਸੀਂ ਇਹ ਕਦੀ ਸੋਚਨ ਦਾ ਯਤਨ ਨਹੀਂ ਕੀਤਾ ਕਿ ਕੀ ਇਹ ਪ੍ਰਗਟ ਯਾ



www.AKJ.Org

ਗੁਪਤ ਪਾਣੀ ਵਾਲੇ, ਸੇਹਰੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਪਵਿਤ੍ਰ ਪੰਨਿਆਂ ਨੂੰ ਅਪਨੇ ਪਾਣੀ ਦੇ ਅਸਰ ਨਾਲ ਖਰਾਬ ਤਾਂ ਨਹੀਂ ਕਰ ਦੇਣਗੇ। *ਦਾਸ ਨੇ ਕੇਈ ਵਾਰੀ ਇਸ ਗਲ ਨੂੰ ਨੋਟ ਕੀਤਾ ਹੈ ਕਿ ਇਹਨਾਂ ਸੇਹਰਿਆਂ ਦੇ ਪਾਣੀ ਦਾ ਅਸਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪੰਨਿਆਂ ਤੇ ਹੋਇਆ ਹੁੰਦਾ ਹੈ ਤੇ ਪੰਨੇ ਕੁਝ ਖਾਸ ਕਰਕੇ ਹੁਕਮ ਲੈਣ ਵਾਲੇ ਆਮ੍ਹਨੇ ਸਾਮ੍ਹਨੇ ਵਾਲੇ ਪੰਨੇ ਕਾਫੀ ਜਗਾਹ ਤੋਂ ਫੁੱਲੇ ਹੋਏ ਨਜ਼ਰ ਆਉਂਦੇ ਹਨ। ਹੁਣ ਇਹ ਸਪਸ਼ਟ ਕਿਹਾ ਜਾ ਸਕਦਾ ਹੈ ਕਿ ਇਹਨਾਂ ਪੱਨਿਆਂ ਦੀ ਉਮਰ ਜਰੂਰ ਘਟ ਜਾਏਗੀ ਅਤੇ ਜਲਦੀ ਬਿਰਧ (ਪੁਰਾਣੇ) ਹੋ ਜਾਣਗੇ। ਜਲਦੀ ਫਟ ਜਾਣਗੇ। ਇਸ ਤੋਂ ਹਰ ਇਕ ਜਗਿਆਸੂ ਇਹ ਸਮਝ ਸਕਦਾ ਹੈ ਕਿ ਕੀ ਇਹ ਸੱਚੇ ਇਸ਼ਟ ਦਾ ਸਤਿਕਾਰ ਕਰਨ ਬਦਲੇ ਬੇ-ਅਦਬੀ ਦਾ ਕਾਰਨ ਨਹੀਂ ਬਨ ਰਿਹਾ।*

ਸੋ ਜਿਥੇ ਹਰ ਜਗਿਆਸੂ ਦਾ ਅਪਨਾ ਫਰਜ਼ ਬਣ ਜਾਂਦਾ ਹੈ ਕਿ ਖੁਦ ਗਿਲੇ ਸੇਹਰਿਆਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਵਿਤ੍ਰ ਦੇਹ ਤੇ ਨਾ ਚੜ੍ਹਾ ਕੇ ਸਾਹਮਣੇ ਪਿਛੇ ਰੁਮਾਲੇ ਤੇ ਸੁਭਾਇਮਾਨ ਕਰ ਦੇਵੇ ਯਾ ਆਸ ਪਾਸ ਪਾਲਕੀ ਸਾਹਿਬ ਤੇ ਯਾ ਹੋਰ ਉਚਿਤ ਸਥਾਨ ਤੇ ਰਖੇ। ਐਸਾ ਕਰਨ ਵਿਚ ਅਸੀਂ ਬੇ-ਅਦਬੀ ਤੋਂ ਬਚ ਜਾਵਾਂਗੇ ਅਤੇ ਸੇਹਰਾ ਭੇਟਾ ਕਰਨ ਦਾ ਮਕੱਸਦ ਦਾਤਾਰ ਆਪੇ ਪੂਰਾ ਕਰੇਗਾ। ਬਾਕੀ ਫੁਲਾਂ ਨੇ ਤਾਂ ਆਪਣੀ ਮਨਮੋਹਣੀ, ਦਿਲ ਖਿਚਵੀਂ ਸੁਗੰਧੀ ਪਲ ਵਾਤਾਵਰਣ ਨੂੰ ਸੁਹਾਵਣਾ ਬਣਾ ਹੀ ਦੇਣਾ ਹੈ ਅਤੇ ਚਾਹੇ ਉਹ ਸਾਮਨੇ ਰਖੇ ਜਾਨ ਯਾ ਆਲੇ ਦੁਆਲੇ। ਫੁਲਾਂ ਦੀ ਖੁਸ਼ਬੂ ਤੇ ਐਸਾ ਕਰਨ ਨਾਲ ਕੋਈ ਅਸਰ ਨਹੀਂ ਪੈਣਾ ਨਾ ਉਨ੍ਹਾਂ ਦੀ ਮਹਿਕ ਘਟ ਜਾਨੀ ਹੈ ਨ ਵਧ ਜਾਨੀ ਹੈ।

ਖਾਸ ਕਰਕੇ ਇਸ ਬੇਨਤੀ ਵਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਤਾਬਿਆ ਬੈਠੈ ਗ੍ਰੰਥੀ ਸਾਹਿਬ ਜੀ ਦਾ ਫਰਜ਼ ਜ਼ਿਆਦਾ ਬਣਦਾ ਹੈ ਕਿ ਜਗਿਆਸੂ ਦੁਆਰਾ ਭੇਟਾ ਕੀਤੇ ਪੁਸ਼ਪ ਮਾਲਾ ਨੂੰ ਯੋਗ ਸਥਾਨ ਤੇ ਸ਼ਸ਼ੋਭਿਤ ਕਰਨ ਤਾਂ ਕਿ ਅਣਜਾਣ ਹੀ ਇਹ ਬੇਅਦਬੀ ਦਾ ਕਾਰਨ ਨ ਬਣਦੀ ਜਾਏ।

ਪੁਸ਼ਪ ਅਤੇ ਪੁਸ਼ਪ ਮਾਲਾ ਅਸੀਂ ਜ਼ਰੂਰ ਅਪਨੇ ਇਸ਼ਟ ਗੁਰਦੇਵ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਚੜਹਾਂਦੇ ਹਾਂ। ਪਰ ਧਿਆਨ ਚੜ੍ਹਾਨ ਦੇ ਢੰਗ ਵਲ ਰਖਣਾ ਹੈ। ਇਸ ਲੇਖ ਤੋਂ ਯਾ ਵਿਚਾਰ ਤੋਂ ਇਹ ਸਿਟਾ ਨਹੀਂ ਕਢ ਲੈਣਾ ਕਿ ਫੁਲਾਂ ਦੇ ਸੇਹਰੇ ਚੜ੍ਹਾਨਾ ਹੀ ਬੰਦ ਕਰ ਦਿਤਾ ਜਾਏ। ਐਸਾ ਕਦਾਚਿਤ ਨਹੀਂ ਕੀਤਾ ਜਾ ਸਕਦਾ। ਅਸੀਂ ਇਹਨਾਂ ਦੀ ਸਹੀ ਵਰਤੋਂ ਨੂੰ ਦੇਖਨਾ ਹੈ।

— — —



www.AKJ.Org

www.AKJ.org

www.AKJ.Org